
ਸੂਰਜ ਤੇ ਕਿਰਨਾਂ
ਚਰਨ ਸਿੰਘ

# ਸੂਰਜ ਤੇ ਕਿਰਨਾਂ

(ਕ਼ਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

**ਪੰਜਾਬ ਬੁੱਕ ਸੈਂਟਰ**

# SURAJ TE KIRNA

(A Collection of Poems)

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

© Author

Edition : 2010

Price : Rs. 130/-

Title Designed by : Daljeet Saini

**Published by :**

Punjab Book Centre
Sector 22, Chandigarh
Tel. : 0172-2701952, 2785056

---

ਸੂਰਜ ਤੇ ਕਿਰਨਾਂ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ।
ਫੋਨ : 094170-72466

## ਪ੍ਰਸਿੱਧ ਕਵਿਤਰੀ
## ਇੰਦਰਜੀਤ ਸਿੱਧੂ ਦੇ ਨਾਮ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010

# ਚਰਨ ਸਿੰਘ ਦਾ ਜੀਵਨ–ਬਿਓਰਾ

ਨਾਮ : ਚਰਨ ਸਿੰਘ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ

ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

<u>ਛੱਪਣ ਅਧੀਨ ਪੁਸਤਕਾਂ</u>

(1) ਤੋਤਲੇ ਗੀਤ

(2) ਹੋਂਦ ਦੀ ਤਲਾਸ਼ (ਲੰਬੀ ਕਵਿਤਾ)

(3) ਪ੍ਰਕਰਮਾ (ਕਾਵਿ ਸੰਗ੍ਰਹਿ)

(4) ਤ੍ਰਿਵੇਣੀ (ਕਾਵਿ ਸੰਗ੍ਰਹਿ)

(5) ਰਿਸ਼ਮਾ (ਕਾਵਿ ਸੰਗ੍ਰਹਿ)

(6) ਤ੍ਰੈਕਾਲ (ਕਾਵਿ ਸੰਗ੍ਰਹਿ)

(7) ਦਰਪਣ (ਕਾਵਿ ਸੰਗ੍ਰਹਿ)

(8) ਬੁੱਕਲ (ਕਾਵਿ ਸੰਗ੍ਰਹਿ)

(9) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMOREAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) . AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

------

# ਤਤਕਰਾ


1. ਅਬੋਲ
2. ਪੰਛੀ
3. ਟੁੱਕੜੇ ਟੁੱਕੜੇ
4, ਗਤੀ ਦਾ ਭਰਮ
5. ਸੱਚ ਦੀ ਪਹਿਚਾਣ
6. ਮਹਿਕ
7 ਕਬਰ ਦਾ ਰਿਸ਼ਤਾ
8. ਦਾਮਨੀ ਲੋਕ
9. ਆਪਣੇ ਬਿੰਦੂ ਆਪਣੇ ਦਾਇਰੇ
10. ਕੁਕਨੂਸ
11. ਸੱਚ ਅਲੋਪ ਹੈ
12. ਦਿਲ ਦਾ ਪੰਛੀ
13. ਜ਼ਫ਼ਾ ਤੇ ਵਫ਼ਾ
14. ਮ੍ਰਿਗ ਤ੍ਰਿਸ਼ਨਾ
15. ਮਕਬਰਿਆਂ ਦਾ ਸ਼ਹਿਰ
16. ਭਾਲ
17. ਗਿਰਜਾ
18. ਰਾਜਾ ਰੰਕ
19. ਅਜੋਕੀ ਹਵਾ
20. ਚਮਨ
21. ਸੱਜਣ
22. ਸ਼ਬਦਾਂ ਦੀ ਫ਼ਸਲ
23. ਲੱਕੜ
24. ਸ਼ਹਿਰ ਤੇ ਮੁਹੱਬਤ
25. ਅਜ਼ੀਬ ਸ਼ਖ਼ਸ
26. ਪਰੀ ਤੇ ਚੋਰ
27. ਮਨੁੱਖ ਤੇ ਸੂਰਜ


------

## ਆਬੋਲ

ਹੁਣ ਮੜ੍ਹੀ ਤੇ ਦੀਵਾ
ਜਗਾ ਕੇ ਯਾਦ ਕਰਦੇ ਹੋ
ਉਂਞ ਤੁਸੀਂ ਜ਼ਿੰਦਗੀ 'ਚ
ਹਨ੍ਹੇਰੇ ਅਬਾਦ ਕਰਦੇ ਹੋ

-0-

ਨੰਗੇ ਪੈਰੀਂ ਅਸੀਂ ਟੁਰਦੇ ਰਹੇ
ਤੁਸੀਂ ਰਾਹਾਂ 'ਚ ਕੰਡੇ ਧਰਦੇ ਰਹੇ
ਅੱਜ ਮਿੱਟੀ ਦੀ ਢੇਰੀ ਤੇ
ਕਿਉਂ ਫੁੱਲ ਧਰਦੇ ਹੋ
ਤੱਕਿਆ ਉਠਾ ਕੇ ਨਾ
ਨਜ਼ਰਾਂ ਕਦੀ ਵੀ ਤੁਸੀਂ
ਹੁਣ ਅੰਬਰੀਂ ਉੱਡ ਗਏ
ਪੰਛੀਆਂ ਦੇ
ਧਰਤੀ ਤੋਂ ਕਿਉਂ ਪ੍ਰਛਾਵੇਂ ਫੜਦੇ ਹੋ

-0-

ਜਦੋਂ ਕੋਲ ਸੀ
ਕਦੀ ਵੀ ਬੋਲ ਕੋਈ ਸਾਂਝਾ ਨਾ ਕੀਤਾ
ਅੱਜ ਸੁਣਨ ਲਈ ਇਕ ਬੋਲ
ਜਿਨ੍ਹਾਂ ਦਾ ਤਰਸਦੇ ਹੋ
ਤੁਸੀਂ ਉੱਗਦੇ ਨਹੀਂ ਕਦੀ ਵੀ
ਧਰਤੀ ਦੇ ਵਿਹੜੇ 'ਚ .
ਤੁਸੀਂ ਹਵਾਵਾਂ 'ਚ ਜਿਉਂਦੇ ਹੋ
ਅੰਬਰਾਂ 'ਚ ਪੁੰਗਰਦੇ ਹੋ

-0-

ਤੁਸੀਂ ਉਹ ਰਾਹ ਹੋ
ਜੋ ਸਫ਼ਰ ਤੋਂ ਲੰਮੇਰੇ ਹਨ
ਤੁਸੀਂ ਆਪਣੇ ਤੋਂ ਸ਼ੁਰੂ ਹੋ ਕੇ

ਆਪਣੇ ਤੇ ਹੀ ਮੁੱਕਦੇ ਹੋ
ਤੁਸੀਂ ਤਾਂ ਆਪਣੀ ਹੀ
ਪ੍ਰਕਰਮਾ ਦੇ ਆਦੀ ਸੀ
ਉਹ ਕਿਹੜੀ ਆਰਜ਼ੂ ਹੈ
ਪੱਥਰਾਂ ਤੇ ਅੱਜ ਸਿਰ ਰਗੜਦੇ ਹੋ

-0-

ਤੁਸੀਂ ਜ਼ੱਕ ਲੱਖ ਠੰਡੇ ਸੀ
ਬਰਫ਼ ਦੇ ਟੁੱਕੜਿਆਂ ਵਾਂਗੂੰ
ਅੱਜ ਕਿਹੜੇ ਰੁੱਖ ਦੀ ਛਾਂ
ਹੇਠ ਬੈਠੇ ਹੋ ਪਿਘਲਦੇ ਹੋ
ਕੋਈ ਪੱਥਰ ਨਾ ਮਾਰੇ
ਆਖ ਕੇ ਸੰਗ ਦਿਲ ਤੁਸਾਂ ਨੂੰ
ਦੁਆ ਹੈ ਮੇਰੀ
ਕਿਸੇ ਦੇ ਜ਼ਿਗਰ ਦੇ ਟੁੱਕੜੇ ਤੁਸੀਂ ਵੀ ਹੋ।

------

# ਪੰਛੀ

ਇਕ ਪੰਛੀ
ਗੁਲਸ਼ਨ ਚੋਂ ਉੱਡਿਆ
ਗੁਲਸ਼ਨ ਵੀਰਾਨ ਤੇ ਸ਼ਮਸ਼ਾਨ ਹੋ ਗਿਆ
ਹਰਿਆਵਲ ਦੀ ਥਾਂ
ਔੜਾਂ ਦਾ ਸਥਾਨ ਹੋ ਗਿਆ
ਪੱਤਿਆਂ ਫੁੱਲਾਂ ਕਲੀਆਂ ਦੇ
ਚਿਹਰੇ ਚੋਂ ਗਿਰ ਗਿਆ
ਜ਼ਰਦ ਧਰਤੀ ਪੀਲਾ ਅਸਮਾਨ ਹੋ ਗਿਆ

-0-

ਛਾਅ ਗਈ
ਚੁੱਪ ਉਦਾਸੀ ਤੇ ਇਕੱਲਤਾ
ਗੁਲਸ਼ਨ ਦੇ ਚਿਹਰੇ ਤੇ
ਪੌਣਾਂ ਜ਼ਖਮੀ ਹੋਈਆਂ
ਸਮੇਂ ਦੇ ਪੈਰਾਂ 'ਚ
ਛਾਲੇ ਉੱਗ ਆਏ
ਰਾਹਾਂ ਅੰਗਿਆਰ ਹੋ ਗਈਆਂ
ਗੁਲਸ਼ਨ ਦੀ ਅੱਖ 'ਚ
ਸਮੁੰਦਰ ਦੀ ਥਾਂ ਸਹਿਰਾ ਤਰ ਆਏ
ਜ਼ਿੰਦਗੀ ਦੇ ਚਿਹਰੇ ਚੋਂ
ਕਬਰਾਂ ਦੇ ਜੰਗਲ ਉੱਗ ਆਏ

-0-

ਪੰਛੀ ਦੀ ਮੌਜੂਦਗੀ ਸੀ
ਸਾਹ ਮੌਸਮ ਰੁੱਤਾਂ ਬਹਾਰਾਂ ਦਾ
ਪੰਛੀ ਸਦਕਾ
ਗੁਲਸ਼ਨ ਦਾ ਕਾਰੋਬਾਰ ਸੀ
ਦਾਰੋਮਦਾਰ ਸੀ
ਪੰਛੀ ਦੀ ਗੈਰ ਹਾਜ਼ਰੀ
ਗੁਲਸ਼ਨ ਦੀ ਗਤੀ 'ਚ ਸੱਕਤਾ ਸੀ
ਕਾਰੋਬਾਰ 'ਚ ਖੜੋਤ ਸੀ

ਸਭ ਕੁੱਝ ਹੀ ਰੁਕਿਆ ਸੀ
ਪੰਛੀ ਦੇ ਖੰਭਾਂ ਤੋਂ ਟੁਰਿਆ ਸੀ
ਪੰਛੀ ਦੇ ਖੰਭਾਂ ਤੇ ਮੁੱਕਾ ਸੀ

-0-

ਜ਼ਰਦ ਗੁਲਸ਼ਨ
ਆਪਣੀ ਲਾਸ਼ ਮੋਢਿਆਂ ਤੇ ਚੁੱਕੀ
ਆਪਣੀ ਰੰਗਤ ਤੇ ਰੌਣਕ ਦੀ ਤਲਾਸ਼ 'ਚ
ਟੁਰਦਾ ਟੁਰਦਾ ਠੇਡਾ ਖਾ ਗਿਆ
ਗੁਲਸ਼ਨ ਦਾ ਪੈਰ
ਉਸ ਪੰਛੀ ਦੇ ਉੱਜੜੇ ਆਲ੍ਹਣੇ ਤੇ ਆ ਗਿਆ
ਤੂੰ ਅੰਨ੍ਹਾਂ ਹੈਂ
ਤੈਨੂੰ ਨਜ਼ਰ ਨਹੀਂ ਆਉਂਦਾ
ਪੈਰ ਦੇ ਹੇਠੋਂ ਆਲ੍ਹਣਾ ਕੁਰਲਾ ਪਿਆ

-0-

ਮੈਂ ਵੀ ਤੇਰੇ ਵਾਂਗ ਉੱਜੜਿਆ ਨਹੀਂ
ਕਦੀ ਵੱਸਦਾ ਆਲ੍ਹਣਾ ਸਾਂ
ਜ਼ਿੰਦਗੀ ਆਪਣੀ ਗੋਦ 'ਚ ਪਾਲਦਾ ਸਾਂ.
ਜ਼ਿੰਦਗੀ 'ਚ
ਆਪਣਾ ਨਿੱਘ ਉਤਾਰਦਾ ਸਾਂ
ਚੂਚਿਆਂ ਨੂੰ ਪਾਲਣ ਦਾ ਭਰਮ ਪਾਲਦਾ ਸਾਂ
ਇਸ ਭਰਮ 'ਚ ਹੀ ਮੈਂ
ਆਲ੍ਹਣੇ ਦਾ ਪੰਛੀ ਭੁੱਲ ਗਿਆ
ਕੱਖਾਂ ਵਾਂਗ ਰੁਲ ਗਿਆ

-0-

ਤੇਰੇ ਗੁਲਸ਼ਨ ਦੇ ਪਿੰਡੇ 'ਚ
ਗੁਲਜ਼ਾਰ ਦਾ ਪੰਛੀ ਸੀ
ਤੇਰੇ ਚੋਂ ਗੁਲਜ਼ਾਰ ਦਾ ਪੰਛੀ ਉੱਡ ਗਿਆ

ਆਪਣੀ ਰੰਗਤ ਤੇ ਜੀਵਨ
ਆਪਣੇ ਨਾਲ ਲੈ ਗਿਆ
ਬਾਕੀ ਤੂੰ ਉਜਾੜ ਸੈਂ
ਉਜਾੜ ਦੀ ਉਜਾੜ ਰਹਿ ਗਿਆ
ਤੂੰ ਸੋਚਦਾ ਸੈਂ
ਤੇਰੇ ਸਦਕਾ ਗੁਲਜ਼ਾਰ ਦਾ
ਪੰਛੀ ਜਿਉਂਦਾ ਹੈ
ਤੂੰ ਵੀ ਮੇਰੇ ਵਾਂਗ ਭਰਮ ਪਾਲਦਾ ਸੈਂ
ਆਪਣੇ 'ਚ ਵਸਦੇ ਪੰਛੀ ਦਾ ਸੱਚ
ਵਿਸਾਰਦਾ ਸੈਂ

-0-

ਹੁਣ ਤੂੰ
ਆਪਣੀ ਰੰਗਤ ਤੇ ਰੌਣਕ ਦੀ ਭਾਲ 'ਚ
ਸਮਾਂ ਨਾ ਗੁਆ
ਮੇਰੇ ਵਾਂਗ ਪੰਛੀ ਦੀ ਸੇਵਾ 'ਚ ਖਲੋ
ਇੰਤਜ਼ਾਰ 'ਚ ਦਿਨ ਗੁਜ਼ਾਰ
ਜੇ ਤੇਰੀ ਸੇਵਾ
ਉਸ ਨੂੰ ਕਬੂਲ ਹੋਈ
ਤਾਂ ਉਹ ਫਿਰ ਤੇਰੇ ਗੁਲਸ਼ਨ ਦੇ
ਕਲਬੂਤੇ 'ਚ ਵਸੇਰਾ ਕਰੇਗਾ
ਤੇਰੀ ਉੱਜਾੜ ਨੂੰ ਰੰਗਾਂ
ਖੁਸ਼ਬੂਆਂ ਨਾਲ ਭਰੇਗਾ

-0-

ਅੱਜ ਆਲ੍ਹਣਾ ਤੇ ਗੁਲਸ਼ਨ
ਪੰਛੀ ਦੀ ਸੇਵਾ 'ਚ ਖੜ੍ਹੇ
ਆਪਣਾ ਆਪਣਾ ਸਮਾਂ ਗੁਜ਼ਾਰ ਰਹੇ ਹਨ
ਪੰਛੀ ਪੰਛੀ ਧਿਆਉਂਦੇ
ਪੰਛੀ ਪੰਛੀ ਪੁਕਾਰ ਰਹੇ ਹਨ।

------

## ਟੁੱਕੜੇ ਟੁੱਕੜੇ

ਉਹ ਤੇਰਾ ਨਾਮ ਸੁਣਦਾ
ਤੇ ਬੜਾ ਬੇਚੈਨ ਹੋ ਜਾਂਦਾ
ਤੇਰੇ ਪੱਥਰ ਦੇ ਸੀਨੇ 'ਚ
ਬਣਕੇ ਕੱਚ ਉਤਰ ਜਾਂਦਾ

-0-

ਉਹ ਜਾਣਦਾ ਸੀ
ਤੇਰੇ ਸੰਗ ਟੱਕਰਾ ਕੇ
ਉਹ ਟੁੱਕੜੇ ਟੁੱਕੜੇ ਹੋ ਜਾਏਗਾ
ਇਹ ਕੀ ਕਮ ਸੀ ਉਸ ਲਈ
ਕਿ ਉਹਦੇ ਹਰ ਇਕ ਟੁੱਕੜੇ ਚੋਂ
ਤੇਰਾ ਹੀ ਚਿਹਰਾ ਨਜ਼ਰ ਆਏਗਾ

-0-

ਬਰਸੇਗਾ
ਤੇਰੀਆਂ ਅੱਖੀਆਂ ਚੋਂ
ਸਾਉਣ ਹੰਝੂਆਂ ਦਾ
ਤੇਰੇ ਗਰੂਰ ਦਾ ਸਾਗਰ ਸਹਿਰਾ ਹੋ ਜਾਏਗਾ
ਤੇਰੇ ਚੋਂ ਨੁਚੜੇਗੀ ਜ਼ਫ਼ਾ ਸਾਰੀ
ਉਹਦੀ ਵਫ਼ਾ ਜਦ ਸੁਫ਼ਨੇ 'ਚ
ਤੇਰੀ ਨੀਂਦ ਹੰਢਾਏਗੀ
ਤੂੰ ਆਪਣੇ ਤਨ ਤੇ ਉਹਦੀਆਂ
ਯਾਦਾਂ ਦਾ ਸੂਤ ਕੱਤੇਂਗੀ
ਤੇਰਿਆਂ ਨੈਣਾਂ ਚੋਂ
ਅੱਥਰੂਆਂ ਦੇ ਖੂਹ ਗਿੜਣਗੇ
ਤੂੰ ਉਹਦੇ ਨਾਂ ਦੀਆਂ
ਜਦ ਪੂਣੀਆਂ ਕੱਤੇਂਗੀ

-0-

ਤੂੰ ਨੀਂਦਰ 'ਚ ਟੁਰੇਂਗੀ
ਉਹਦੇ ਕੋਲ ਆਵੇਂਗੀ
ਉਹਦੀ ਮਿੱਟੀ ਦੀ ਢੇਰੀ ਤੇ
ਆਪਣੀ ਦੇਹ ਦਾ ਦੀਵਾ ਜਗਾਵੇਂਗੀ
ਆਪਣੀ ਨਫ਼ਰਤ 'ਚ ਉਬਲੇਂਗੀ
ਜ਼ਫ਼ਾ 'ਚ ਪੀਸੀ ਜਾਵੇਂਗੀ

-0-

ਤੇਰਾ ਸ਼ਹਿਰ ਛੱਡ ਕੇ ਟੁਰ ਗਿਆ ਹੈ ਜੋ
ਨਾ ਖੁੱਲ੍ਹਾ ਰੱਖ ਦਰ ਹੁਣ ਆਪਣਾ
ਨਹੀਂ ਹੁਣ ਪਰਤ ਕੇ ਆਵੇਗਾ ਉਹ
ਚਿਹਰੇ ਦੇ ਦਾਗ਼ ਦਰਪਣ ਨੂੰ ਨਜ਼ਰ
ਨਹੀਂ ਆਏ
ਦਿਲ ਦੇ ਦਾਗ਼
ਦਰਪਣ ਨੂੰ ਵਿੱਖਾ ਕੇ ਕੀ ਕਰੇਗਾ ਉਹ

-0-

ਤੂੰ
ਉਸ ਲਈ ਉਦਾਸੀ ਦੀ ਦੁਨੀਆਂ ਦੇ
ਜੰਗਲ ਉੱਗਾ ਦਿੱਤੇ
ਤੂੰ ਉਸ ਦੇ ਰਾਹ 'ਚ
ਮੌਤ ਦੇ ਸਾਗਰ ਵਿਛਾ ਦਿੱਤੇ
ਤੂੰ ਉਸਨੂੰ
ਸ਼ਹਿਰ ਛੱਡਣ ਲਈ ਮਜ਼ਬੂਰ ਕਰ ਦਿੱਤਾ
ਨਜ਼ਰ 'ਚ ਬੀਜ ਕੇ ਪੈਂਡੇ
ਪੈਰੀਂ ਬਨਵਾਸ ਧਰ ਦਿੱਤਾ

-0-

ਇਸ਼ਕ ਦੀ ਖੇਡ ਖੇਡਣ ਤੋਂ ਪਹਿਲਾਂ
ਸੋਚ ਲੈਂਦੀ ਤੂੰ
ਇਸ਼ਕ ਦੀ ਬਾਜ਼ੀ ਸਦਾ ਜਿੱਤਦੇ ਨੇ ਉਹ
ਆਪਾ ਦਾਅ ਤੇ ਲਗਾਕੇ
ਆਪਾ ਜਿੱਤਣ ਲਈ ਹਰਦੇ ਨੇ ਜੋ

-0-

ਤੇਰਾ ਨਾਂ ਸੁਣਕੇ
ਜੋ ਉਹ ਬੇਚੈਨ ਹੁੰਦਾ ਸੀ
ਤੇਰੇ ਪਿਆਰ 'ਚ ਉਬਲਦਾ
ਤੜਪਦਾ ਤੇ ਬਦਨਾਮ ਹੁੰਦਾ ਸੀ
ਤੇਰੀ ਜੁਸਤਜੂ 'ਚ ਸੁਬ੍ਹਾ ਤੋਂ
ਸ਼ਾਮ ਹੁੰਦਾ ਸੀ
ਤੇਰੇ ਮੁੱਖੜੇ ਦਾ ਦਿਨ ਹੁੰਦਾ ਸੀ
ਤੇਰੀਆਂ ਜ਼ੁਲਫ਼ਾਂ ਦੀ ਰਾਤ ਹੁੰਦਾ ਸੀ

-0-

ਆਪਣੇ ਕੱਚ ਦਾ
ਤੇਰੇ ਪੱਥਰ ਤੇ ਕੁਰਬਾਨ ਕਰ ਗਿਆ ਹੈ ਉਹ
ਪੱਥਰ ਨੂੰ ਸਿਮਰਦਾ ਤੇ ਪੂਜਦਾ ਹੀ ਮਰ
ਗਿਆ ਹੈ ਉਹ
ਤੇਰੇ ਪਿਆਰ 'ਚ
ਤਿੜਕਿਆ ਖਿੱਲਰਿਆ ਤੇ ਭੁਰ ਗਿਆ ਹੈ ਉਹ
ਤੇਰੇ ਪੱਥਰ ਦੇ ਬੁੱਤ ਨੂੰ
ਰੱਬ ਬਣਾ ਕੇ ਟੁਰ ਗਿਆ ਹੈ ਉਹ

-0-

ਤੇਰੇ
ਸ਼ਹਿਰ ਦੀਆਂ ਗਲੀਆਂ ਤੇ ਸੜਕਾਂ ਤੇ
ਅੱਜ ਖਿਲਰੇ ਕੱਚ ਦੇ ਟੁੱਕੜੇ ਨੇ ਜੋ
ਜਿਨ੍ਹਾਂ ਚੋਂ ਸ਼ਹਿਰ ਦੇ ਹਰ ਸਖਸ਼ ਨੂੰ
ਦਿੱਸਦਾ ਹੈ ਉਹ ।

------

## ਗਤੀ ਦਾ ਭਰਮ

ਗਤੀ ਦੇ ਸੁਫ਼ਨਿਆਂ 'ਚ
ਪਹਾੜ ਸਾਰੀ ਰਾਤ ਸਾਉਂਦੇ ਰਹੇ
ਸਵੇਰੇ ਉੱਠ ਕੇ
ਬਹਿ ਦਰਾਂ ਤੇ ਰੋਂਦੇ ਰਹੇ
ਬੀਜਦੇ ਰਹੇ ਸਾਰੀ ਰਾਤ
ਆਪਣੀ ਦੇਹ 'ਚ ਬੀਜ ਗਤੀਆਂ ਦੇ
ਪਾਣੀ ਗਤੀਆਂ ਦੀ ਮਿੱਟੀ ਨੂੰ
ਹੰਝੂਆਂ ਦਾ ਲਾਉਂਦੇ ਰਹੇ
ਪਾਲਦੇ ਰਹੇ ਭਰਮ ਆਪਣੇ ਟੁਰਨ ਦਾ
ਸਫ਼ਰ ਪਹਾੜਾਂ ਤੋਂ ਪਹਾੜਾਂ ਤਕ ਦਾ
ਮੁਕਾਉਂਦੇ ਰਹੇ

-0-

ਵੇਖ ਕੇ ਪ੍ਰਵਾਜ਼
ਅਕਾਸ਼ 'ਚ ਉੱਚੀਆਂ ਉੱਡਾਣਾਂ ਦਾ
ਪੰਛੀ ਸਾਰਾ ਦਿਨ
ਆਪਣੇ ਖੰਭ ਖੋਹਦੇ ਰਹੇ
ਅੱਖਾਂ 'ਚ ਅੰਬਰ ਭਰਦੇ ਰਹੇ
ਡਿੱਗੀਆਂ ਲਾਸ਼ਾਂ ਅੰਬਰ ਤੋਂ ਧਰਤੀ ਤੇ
ਪੰਛੀ ਜੋ ਦਾਣੇ ਲਈ ਅੰਬਰ ਤੇ ਭੌਂਦੇ ਰਹੇ

-0-

ਕਿਵੇਂ
ਗੁਜ਼ਾਰੇਗਾ ਝੱਟ ਕੋਈ
ਉਨ੍ਹਾਂ ਛੱਤਾਂ ਤੇ ਆਸਰੇ
ਬਰਸਾਤਾਂ 'ਚ ਗਰਦੇ ਰਹੇ
ਧੁੱਪਾਂ 'ਚ ਜੋ ਚੋਂਦੇ ਰਹੇ

-0-

ਪੱਥਰਾਂ ਨੂੰ ਜਦ ਵੀ ਪੱਥਰ ਮਿਲੇ
ਦਾਗ਼ ਦਿਲ ਦੇ ਪੁੱਛਦੇ ਧੋਂਦੇ ਰਹੇ
ਹੁਸਨ ਜਦ ਇਸ਼ਕ ਨੂੰ
ਇਸ਼ਕ ਜਦ ਵੀ ਹੁਸਨ ਮਿਲਿਆ
ਇਕ ਦੇ ਸੀਨੇ 'ਚ ਫੁੱਲ
ਇਕ ਦੇ ਸੀਨੇ 'ਚ ਪੱਥਰ ਉੱਗਾ
ਆਉਂਦੇ ਰਹੇ

-0-

ਕੀ ਬੀਤੀ
ਬੁਲ ਬੁਲ ਦੇ ਦਿਲ ਤੇ ਉਸ ਵੇਲੇ
ਫੁੱਲ ਕਲੀਆਂ ਖਸ਼ਬੂਆਂ
ਜਦ ਰਾਤ ਭਰ ਰੋਂਦੇ ਰਹੇ
ਪੈਰ ਇਕ ਵੀ ਪੁੱਟਿਆ ਗਿਆ ਨਾ
ਮੰਜ਼ਲ ਵੱਲ
ਰਾਹ
ਸਾਰਾ ਦਿਨ ਤੱਕਦੇ ਰਹੇ
ਸਾਰੀ ਰਾਤ ਖਲੋਤੇ ਰਹੇ ।

------

## ਸੱਚ ਦੀ ਪਹਿਚਾਣ

ਜੋ ਤਾਰਿਆਂ ਨੂੰ ਜ਼ੱਰੇ ਕਰਦਾ ਹੈ
ਚੰਨਾਂ 'ਚ ਹਨ੍ਹੇਰੇ ਧਰਦਾ ਹੈ
ਸੂਰਜਾਂ ਨੂੰ ਠੰਡਿਆਂ ਕਰਦਾ ਹੈ
ਅੰਬਰ ਧਰਤ ਦੇ ਪੈਰਾਂ 'ਚ ਧਰਦਾ ਹੈ
ਉਸਦਾ ਮਸਤਕ ਹਾਂ ਮੈਂ
ਉਸਦੇ ਵਜੂਦ ਦੀ ਖ਼ਸਲਤ ਹਾਂ ਮੈਂ
ਉਸ 'ਚ ਜਿਉਣ ਦੀ ਹਸਰਤ ਹਾਂ ਮੈਂ
ਮੌਤ ਜਿਸਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸਦੀ ਪ੍ਰਕਰਮਾ ਕਰਦੀ ਹੈ

-0-

ਜੋ ਹਵਾ ਚੋਂ ਗਤੀ ਨਿਚੋੜਦਾ ਹੈ
ਅੱਗਣ ਦਾ ਤੇਜ਼ ਪੀਂਦਾ ਹੈ
ਜਲ ਦਾ ਪਿੰਡਾ ਹੰਗਾਲਦਾ ਹੈ
ਧਰਤੀ ਮੁੱਠ 'ਚ ਫੜਦਾ ਹੈ
ਅੰਬਰ ਪੈਰਾਂ 'ਚ ਧਰਦਾ ਹੈ
ਜੋ ਫੁੱਲਾਂ 'ਚ ਰੰਗ
ਕਲੀਆਂ 'ਚ ਖਸ਼ਬੂ ਭਰਦਾ ਹੈ
ਬਹਾਰਾਂ ਮੌਸਮਾਂ ਰੁੱਤਾਂ ਨੂੰ ਜਨਮਦਾ ਹੈ
ਸਹਿਰਾ ਹਰਾ ਕਰਦਾ ਹੈ
ਸਾਗਰ ਚੂਲੀ 'ਚ ਭਰਦਾ ਹੈ
ਅੰਬਰ ਦਾ ਸ਼ਬਦ ਹੈ ਉਹ
ਕੁਦਰਤ ਦਾ ਨਾਦ ਹੈ ਜੋ

-0-

ਉਸਦਾ ਮਸਤਕ ਹਾਂ ਮੈਂ
ਉਸਦੇ ਵਜੂਦ ਦੀ ਖਸਤਤਲ ਹਾਂ ਮੈਂ
ਉਸ 'ਚ ਜਿਉਣ ਦੀ ਹਸਰਤ ਹਾਂ ਮੈਂ
ਮੌਤ ਜਿਸਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸਦੀ ਪ੍ਰਕਰਮਾ ਕਰਦੀ ਹੈ

-0-

ਜੋ ਬੀਜ ਚੋਂ ਪੁੰਗਰਦਾ ਹੈ
ਸ਼ਬਨਮ ਦੇ ਕਤਰੇ 'ਚ ਸੁੰਘੜਦਾ ਹੈ
ਪਰੀਆਂ ਦੇ ਰੂਪ 'ਚ ਜਗਦਾ ਹੈ
ਆਸ਼ਕਾਂ ਦੀਆਂ ਮੜ੍ਹੀਆਂ ਤੇ ਬਲਦਾ ਹੈ
ਸੱਚ ਸੁੰਦਰਤਾ ਤੇ ਕਲਿਆਣ ਦਾ ਸਰੂਪ ਹੈ
ਕੁਦਰਤ ਦਾ ਰੂਪ ਹੈ
ਪਾਣੀਆਂ ਤੇ ਤਰਦਾ ਹੈ
ਹਵਾਵਾਂ 'ਚ ਉੱਡਦਾ ਹੈ
ਫੁੱਲਾਂ 'ਚ ਰਹਿੰਦਾ ਹੈ ਪੱਥਰਾਂ ਚੋਂ ਮਿਲਦਾ ਹੈ

-0-

ਮਨੁੱਖ ਦੇ ਲਹੂ 'ਚ ਵਹਿੰਦਾ ਹੈ ਜੋ
ਚੁੱਪ ਉਦਾਸੀ ਤੇ ਇਕੱਲਤਾ 'ਚ ਰਹਿੰਦਾ ਹੈ ਜੋ
ਜਿਸਦਾ ਪੰਛੀਆਂ ਦੇ ਕੰਠ 'ਚ ਵਸੇਰਾ ਹੈ
ਜਿਸਦਾ ਸੂਰਜਾਂ ਦੀ ਕੁੱਖ 'ਚ ਹਨ੍ਹੇਰਾ ਹੈ
ਖੇਤਾਂ 'ਚ ਜੋ ਅਨਾਜ ਬਣਕੇ ਉੱਗਦਾ ਹੈ
ਜੋ ਪੱਥਰਾਂ ਦੇ ਸੀਨੇ ਚੋਂ ਪੁੰਗਰਦਾ ਹੈ
ਭੁੱਖਾਂ ਮਿਟਾਉਂਦਾ ਹੈ
ਪਿਆਸਾਂ ਮਿਟਾਉਂਦਾ ਹੈ
ਜੋ ਹੋ ਕੇ ਗੂੰਗਾ ਗੀਤਾ ਦੀ ਕਥਾ ਸੁਣਾਉਂਦਾ ਹੈ
ਜੋ ਦਰੋਪਤੀ ਦਾ ਕੱਜਣ ਬਣਕੇ
ਉਤਰ ਆਉਂਦਾ ਹੈ

-0-

ਉਸਦਾ ਮਸਤਕ ਹਾਂ ਮੈਂ
ਉਸਦੇ ਵਜੂਦ ਦੀ ਖਸਰਤ ਹਾਂ ਮੈਂ
ਉਸ 'ਚ ਜਿਉਣ ਦੀ ਹਸਲਤ ਹਾਂ ਮੈਂ
ਮੌਤ ਜਿਸਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸਦੀ ਪ੍ਰਕਰਮਾ ਕਰਦੀ ਹੈ

-0-

ਤਲਵਾਰ 'ਚ ਜੋ ਵਿਜੈ ਦਾ ਅਹਿਸਾਸ ਹੈ
ਹਾਰ 'ਚ ਨਮੋਸ਼ੀ ਹੈ
ਦੇਹ ਦਾ ਜੋ ਗੁਣ ਹੈ ਦੇਹ ਦਾ ਜੋ ਦੋਸ਼ੀ ਹੈ
ਸੁਰਤੀ ਸਮਾਧੀ ਦੀ ਜੋ ਹੋਸ਼ ਹੈ
ਪਿੰਡਾਂ ਸ਼ਹਿਰਾਂ ਦੇਸ਼ਾਂ ਤੇ ਵਿਸ਼ਵ ਦਾ ਜੋ ਕੋਸ਼ ਹੈ
ਸਾਜ਼ 'ਚ ਜੋ ਰਾਗ ਰੰਗ ਦਾ ਵਸੇਰਾ ਹੈ
ਮੋਰ ਦੇ ਪੈਰਾਂ 'ਚ ਜੋ ਨਾਚ ਹੈ
ਚੁੱਪ ਦੀ ਜੋ ਅਵਾਜ਼ ਹੈ

-0-

ਉਸਦਾ ਮਸਤਕ ਹਾਂ ਮੈਂ
ਉਸਦੇ ਵਜ਼ੂਦ ਦੀ ਖਸਲਤ ਹਾਂ ਮੈਂ
ਉਸ 'ਚ ਜਿਉਣ ਦੀ ਹਸਰਤ ਹਾਂ ਮੈਂ
ਮੌਤ ਜਿਸਦਾ ਪਾਣੀ ਭਰਦੀ ਹੈ
ਜ਼ਿੰਦਗੀ ਜਿਸਦੀ ਪ੍ਰਕਰਮਾ ਕਰਦੀ ਹੈ

-0-

ਮੈਂ
ਆਪਣੇ ਆਪ ਦਾ ਕਬਜ਼ਾ ਨਹੀਂ
ਆਪਣੇ ਆਪ ਦੀ ਪਹਿਚਾਣ ਹਾਂ
ਮੈਂ ਬੀਜ ਤੋਂ ਰੁੱਖ ਤਕ 'ਚ
ਬਰਾਜ਼ਮਾਨ ਹਾਂ
ਸੰਸਾਰ ਦਾ ਬੀਜ ਵੀ ਮੈਂ ਹਾਂ
ਰੁੱਖ ਵੀ ਮੈਂ ਹਾਂ
ਸੁੱਖ ਵੀ ਮੈਂ ਹਾਂ ਦੁੱਖ ਵੀ ਮੈਂ ਹਾਂ

-0-

ਸਾਰਾ ਸੰਸਾਰ
ਮੇਰੇ 'ਚ ਪਰੋਇਆ ਹੈ
ਮੇਰੇ ਚੋਂ ਜਨਮਿਆ ਹੈ
ਮੇਰੇ 'ਚ ਸਮੋਇਆ ਹੈ

ਮੈਂ ਸੰਸਾਰ ਦੇ ਪ੍ਰਾਣਾਂ ਦਾ ਪ੍ਰਾਣ ਹਾਂ
ਮੈਂ ਆਪਣੇ ਆਪ 'ਚ ਕਬਜ਼ਾ ਨਹੀਂ
ਆਪਣੇ ਆਪ ਦੀ ਪਹਿਚਾਣ ਹਾਂ
ਮਨੁੱਖਤਾ ਦਾ ਚਿਰਾਗ ਹਾਂ
ਮਨੁੱਖਤਾ ਦੀ ਸਿਆਣ ਹਾਂ

-0-

ਮੈਂ ਤੁਹਾਡੇ ਸਾਂਵੇ ਖੜ੍ਹਾ
ਤੁਹਾਡੇ ਜਿਹਾ ਹੀ ਇਨਸਾਨ ਹਾਂ
ਮੈਂ ਆਪਣੇ ਸੱਚ 'ਚ
ਜਦ ਉਤਰਿਆ ਤਾਂ ਇਨਸਾਨ ਸਾਂ
ਜਦ ਪਰਤਿਆ ਤਾਂ
ਕਰਤੇ ਦੀ ਪਹਿਚਾਣ ਸਾਂ
ਇਸ ਲਈ ਮੈਂ
ਮਸਤਕ ਹਾਂ ਖਸਲਤ ਹਾਂ ਹਸਰਤ ਹਾਂ
ਮੌਤ ਮੇਰੀ ਦਾਸੀ ਹੈ
ਜ਼ਿੰਦਗੀ ਮੇਰੀ ਅਜ਼ਾਦੀ ਹੈ।

------

# ਮਹਿਕ

ਮਹਿਕ ਫੁੱਲ੍ਹਾਂ ਕਲੀਆਂ ਦੀ
ਬੜੀ ਅਜ਼ੀਬ ਹੈ
ਪੱਥਰਾਂ 'ਚ ਗਤੀਆਂ ਭਰਦੀ ਹੈ
ਸੁੱਕਿਆਂ ਰੁੱਖਾਂ ਨੂੰ ਹਰਾ ਕਰਦੀ ਹੈ
ਮਹਿਕ ਤੇਰੇ
ਬਦਨ ਦੀ ਵੀ ਵੱਖਰੀ ਅਜ਼ੀਬ ਹੈ
ਤੇਰੇ ਚੋਂ ਆਉਂਦੀ ਹੈ
ਕਬਰਾਂ ਚੋਂ ਮੁਰਦੇ ਜਗਾਉਂਦੀ ਹੈ

-0-

ਘੁਲਦੀ ਹੈ ਸਾਹਾਂ 'ਚ
ਆਪਾ ਭੁਲਾਉਂਦੀ ਹੈ
ਉਤਰਦੀ ਹੈ ਪਹਾੜਾਂ 'ਚ
ਪਹਾੜਾਂ ਨੂੰ ਟੁਰਨਾ ਸਿਖਾਉਂਦੀ ਹੈ
ਪੱਥਰ ਨੂੰ
ਪਾਣੀ ਤੇ ਤਰਨਾ ਦੱਸਦੀ ਹੈ
ਤਰਦੀ ਹੈ ਸਾਗਰਾਂ ਦਾ ਜੁੱਸਾ
ਲਹਿਰਾਂ ਨੂੰ ਗਾਉਣਾ ਤੇ ਨੱਚਣਾ ਦੱਸਦੀ ਹੈ

-0-

ਮਹਿਕ
ਤੇਰੇ ਦੁਆਲੇ ਸਮਾਂ ਘੁੰਮਦਾ ਹੈ
ਮਹਿਕ ਤੇਰੀ
ਜਦ ਪੌਣਾਂ 'ਚ ਰਲਦੀ ਹੈ
ਬ੍ਰਹਿਮੰਡਾਂ ਦਾ ਵਾਤਾਵਰਣ ਸ਼ੁੱਧ ਕਰਦੀ ਹੈ
ਪ੍ਰਕਿਰਤੀ ਮਹਿਕਦੀ ਹੈ ਟਹਿਕਦੀ ਹੈ
ਵਜੂਦ 'ਚ ਆਉਂਦੀ ਹੈ
ਚਾਨਣ ਦੇ ਗੀਤ ਗਾਉਂਦੀ ਹੈ
ਤੇਰੀ ਮਹਿਕ ਸਿਮਰਦੀ ਹੈ ਅਰਾਧਦੀ ਹੈ
ਤੇਰੇ ਰੂਪ ਦੀ ਆਰਤੀ ਉਤਾਰਦੀ ਹੈ

-0-

ਮਹਿਕ ਤੇਰੀ
ਕੱਚਿਆਂ ਤੇ ਤਰਦੀ ਹੈ
ਪਹਾੜਾਂ ਤੋਂ ਨਹਿਰਾਂ 'ਚ ਵਗਦੀ ਹੈ
ਆਪ ਸੜਦੀ ਹੈ
ਥਲਾਂ ਨੂੰ ਠਾਰਦੀ ਹੈ
ਕੋਇਲ ਦੇ ਕੰਠ 'ਚ ਜਿਉਂਦੀ ਹੈ
ਮੋਰਾਂ ਨੂੰ ਨਚਾਉਂਦੀ ਹੈ
ਰੁੱਖਾਂ ਚੋਂ ਸਿਮਟਦੀ ਹੈ ਜੰਗਲਾਂ 'ਚ ਵਗਦੀ ਹੈ
ਮਹਿਕ ਤੇਰੀ ਧੁੱਪਾਂ ਜਿਉਂਦੀ ਹੈ
ਛਾਵਾਂ ਹੰਢਾਉਂਦੀ ਹੈ
ਮਹਿਕ ਤੇਰੀ ਚੋਂ ਦਿਨ ਸਾਹ ਲੈਂਦੇ ਹਨ
ਰਾਤਾਂ ਆਪਣੇ ਸਾਹਾਂ 'ਚ ਹੰਢਾਉਂਦੀਆਂ ਹਨ
ਮਹਿਕ ਤੇਰੀ ਦੇ ਸਰੋਵਰ 'ਚ
ਪਰੀਆਂ ਨਹਾਉਂਦੀਆਂ ਹਨ
ਮਹਿਕ ਤੇਰੀ
ਮੌਸਮ ਬਹਾਰਾਂ ਰੁੱਤਾਂ ਗਾਉਂਦੀਆਂ ਹਨ

-0-

ਮਹਿਕ ਤੇਰੀ
ਜਦ ਜੁਆਨੀ 'ਚ ਘੁਲਦੀ ਹੈ
ਜੁਆਨੀ ਨਸ਼ਿਆਉਂਦੀ ਹੈ
ਪੌਣਾਂ ਤੇ ਕਾਠੀ ਪਾਉਂਦੀ ਹੈ
ਕੱਛੇ ਸੂਰਜ ਮਾਰਦੀ ਹੈ
ਚੰਨ ਤਲੀਆਂ ਤੇ ਟਿਕਾਉਂਦੀ ਹੈ
ਨੈਣਾਂ 'ਚ ਤਾਰੇ ਜਗਾਉਂਦੀ ਹੈ
ਜ਼ੁਲਫ਼ਾਂ 'ਚ ਕਿਰਨਾਂ ਸਜਾਉਂਦੀ ਹੈ
ਧਰਤੀ ਤੋਂ ਗਿੱਠ ਗਿੱਠ ਉੱਚਾ ਟੁਰਦੀ ਹੈ
ਅੰਬਰ ਮੁੱਠਾਂ 'ਚ ਫੜਦੀ ਹੈ
ਆਪਣੇ ਕਲਾਵੇ 'ਚ ਪ੍ਰਕਿਰਤੀ ਭਰਦੀ ਹੈ

ਮੌਸਮ ਬਹਾਰਾਂ ਰੁੱਤਾਂ ਆਪਣੇ
ਬਦਨ 'ਚ ਢਾਲਦੀ ਹੈ
ਬ੍ਰਿਹਾ ਦੇ ਗੀਤ ਗਾਉਂਦੀ ਹੈ
ਕਿਸੇ ਦਾ ਹੋਣਾ ਚਾਹੁੰਦੀ ਹੈ
ਕਿਸੇ ਨੂੰ ਪਾਉਣਾ ਚਾਹੁੰਦੀ ਹੈ
ਤੇਰੀ ਮਹਿਕ ਦਾ ਪਿੰਡਾ ਤਰਦੀ ਹੈ
ਬਣਕੇ ਕਸਤੂਰੀ ਦੀ ਬੱਦਲੀ
ਆਪਣੇ ਹੀ ਅੰਗਾਂ ਤੇ ਵਰ੍ਹਦੀ ਹੈ

-0-

ਤੇਰੀ ਮਹਿਕ 'ਚ
ਦਰਿਆਵਾਂ 'ਚ ਹੜ੍ਹ ਆਉਂਦੇ ਹਨ
ਨਦੀਆਂ ਜੋਬਨ ਦੀਆਂ ਭਰੀਆਂ
ਕੰਢਿਉਂ ਬਾਹਰ ਵਗਦੀਆਂ ਹਨ
ਧਰਤੀ ਵਿਸਮਦੀ ਹੈ
ਰੁੱਖਾਂ ਨੂੰ ਬੂਰ ਆਉਂਦਾ ਹੈ
ਹਵਾ ਦੇ ਬੁੱਲ੍ਹੇ ਅੰਬਰੀਂ ਪੀਂਘਾਂ ਝੂਟਦੇ ਹਨ
ਕਲੀਆਂ
ਭੌਰੇ ਉਡੀਕਦੀਆਂ ਹਨ
ਨਵੀਆਂ ਬਹਾਰਾਂ ਨਵੀਆਂ ਰੁੱਤਾਂ ਦਾ
ਆਗਾਜ਼ ਹੁੰਦਾ ਹੈ
ਧਰਤੀ ਦੀ ਕੁੱਖ 'ਚ
ਜ਼ਿੰਦਗੀ ਦਾ ਵਾਸ ਹੁੰਦਾ ਹੈ
ਖੇਤਾਂ ਚੋਂ ਅਨਾਜ ਝਾਕਦਾ ਹੈ
ਨਿਹਮਤਾਂ ਤੇ ਰਹਿਮਤਾਂ ਭਰਿਆ
ਅਕਾਸ਼ ਹੁੰਦਾ ਹੈ

-0-

ਤੇਰੀ ਖੁਸ਼ਬੂ
ਜ਼ਿੰਦਗੀ ਦਾ ਵਜੂਦ ਧਾਰਦੀ ਹੈ
ਚੰਨਾਂ ਸੂਰਜਾਂ ਤੇ ਤਾਰਿਆਂ ਦੇ
ਦੀਵੇ ਬਾਲਦੀ ਹੈ
ਧਰਤੀ ਦੇ ਵਿਹੜੇ ਉਤਰਿਆ
ਅਕਾਸ਼ ਲੱਗਦਾ ਹੈ
ਜ਼ੱਰੇ ਜ਼ੱਰੇ 'ਚੋਂ ਤੇਰੀ ਖੁਸ਼ਬੂ ਆਉਂਦੀ ਹੈ
ਤੇਰਾ ਚਿਹਰਾ ਜਾਗਦਾ ਹੈ
ਤੇਰਾ ਚਾਨਣ ਸਿਮਦਾ ਹੈ
ਹਨੇਰੇ ਦੂਰ ਹੋ ਜਾਂਦੇ ਹਨ
ਤੇਰਾ ਨੂਰ ਹੋ ਜਾਂਦੇ ਹਨ

-0-

ਮਹਿਕ ਫੁੱਲਾਂ ਕਲੀਆਂ ਦੀ
ਬੜੀ ਅਜ਼ੀਬ ਹੈ
ਪੱਥਰਾਂ 'ਚ ਗਤੀਆਂ ਭਰਦੀ ਹੈ
ਸੁੱਕਿਆਂ ਰੁੱਖਾਂ ਨੂੰ ਹਰਾ ਕਰਦੀ ਹੈ
ਮਹਿਕ ਤੇਰੇ ਬਦਨ ਦੀ ਵੀ
ਵੱਖਰੀ ਹੈ ਅਜ਼ੀਮ ਹੈ
ਤੇਰੇ ਚੋਂ ਆਉਂਦੀ ਹੈ
ਕਬਰਾਂ ਚੋਂ ਮੁਰਦੇ ਜਗਾਉਂਦੀ ਹੈ ।

----

## ਕਬਰ ਦਾ ਰਿਸ਼ਤਾ

ਉਹ ਚੁੱਪ ਬੈਠਾ ਸੀ
ਮੌਤ ਦੀ ਛਾਂ ਥੱਲੇ
ਜਿਵੇਂ ਕਬਰ ਦੇ ਮੱਥੇ 'ਚ
ਦੀਵਾ ਜ਼ਿੰਦਗੀ ਦਾ ਬਲੇ

-0-

ਕੋਈ ਹਸਰਤ ਦਿਲ 'ਚ
ਕੋਈ ਤਾਂਘ ਦੀਦਿਆਂ 'ਚ
ਉਹ ਚਾਹੁੰਦਾ ਸੀ ਬੀਜਣਾ
ਤਾਂ ਕਿ
ਉਸਦੀ ਚੁੱਪ ਸ਼ੋਰ 'ਚ ਢਲੇ
ਕੋਈ ਬੱਦਲੀ ਉਸਦੀ ਚੁੱਪ ਮਿੱਟੀ
ਦੇ ਬੀਜ ਤੇ ਵਰੇ
ਰੁਕ ਗਈ ਹਵਾ ਚਲੇ

-0-

ਗਰਮਾਉਂਦਾ ਸੀ ਖ਼ੂਨ ਨੂੰ
ਜਗਾਉਂਦਾ ਸੀ ਸੌਂ ਗਈਆਂ
ਗਤੀਆਂ ਨੂੰ ਉਹ
ਕਦੀ ਤੋਲਾ ਕਦੀ ਮਾਸਾ
ਕਦੀ ਰੱਤੀਆਂ ਸੀ ਉਹ
ਆਪਣੀ ਹੋਂਦ ਦੀ ਟੁੱਟ ਭੱਜ ਨੂੰ
ਚਾਹੁੰਦਾ ਸੀ ਜੋੜਣਾ
ਕਬਰਾਂ ਦਾ ਪਿੰਡਾ ਤਿਆਗ
ਚਾਹੁੰਦਾ ਸੀ ਰੁੱਖ ਜ਼ਿੰਦਗੀ ਵੱਲ ਮੋੜਣਾ

-0-

ਸੋਚਦਾ ਸੀ
ਕਿੰਨੀ ਦੂਰ ਤੋਂ ਸੂਰਜ ਦੀਆਂ ਕਿਰਨਾਂ
ਧਰਤੀ ਤੇ ਡਿੱਗਦੀਆਂ ਹਨ

ਜੇ ਮਨੁੱਖਤਾ
ਆਪਣੇ ਮਸਤਕ ਦਾ ਸੂਰਜ ਜਗਾ ਲਵੇ
ਤਾਂ ਜ਼ਿੰਦਗੀ ਦੇ ਸੂਰਜ ਨੂੰ
ਕੁੱਝ ਪਲ ਰਾਹਤ ਮਿਲ ਸਕੇ
ਜ਼ਿੰਦਗੀ ਦੇ ਸੂਰਜ ਨੂੰ
ਕਬਰਾਂ 'ਚ ਝਾਕਣ ਦੀ ਚਾਹਤ ਮਿਲ ਸਕੇ
ਮੁਰਦਿਆਂ ਨੂੰ
ਜ਼ਿੰਦਗੀ ਪੂਜਣ ਦੀ ਇਬਾਦਤ ਮਿਲ ਸਕੇ

-0-

ਡੂੰਘਿਆਂ
ਸਾਗਰਾਂ 'ਚ ਉਤਰਨਾ ਮੁਸ਼ਕਲ ਸੀ
ਜ਼ਿੰਦਗੀ ਜੇ
ਆਪਣਾ ਗਿਰੇਬਾਂ ਖੋਲ੍ਹੇ
ਤਾਂ ਕਬਰਾਂ ਨੂੰ
ਜ਼ਿੰਦਗੀ ਦੇ ਸਮੁੰਦਰ 'ਚ ਉਤਰਨ ਦਾ
ਰਾਹ ਮਿਲ ਸਕੇ
ਮੁਰਦਿਆਂ ਨੂੰ ਸਾਹ ਮਿਲ ਸਕੇ
ਸੁੱਕਿਆਂ ਖੂਹਾਂ ਨੂੰ ਬੱਦਲਾਂ ਦੀ ਨਿਗਾਹ ਮਿਲ ਸਕੇ

-0-

ਜ਼ਿੰਦਗੀ ਵਫ਼ਾ ਨਹੀਂ ਤਾਂ ਜ਼ਫ਼ਾ ਹੀ ਸਹੀ
ਕਬਰ ਦੇ ਰਿਸ਼ਤੇ ਨੂੰ
ਜ਼ਿੰਦਗੀ ਦਾ ਕੁੱਝ ਤਾਂ ਮਿਲੇ
ਇਹ ਕਬਰਾਂ ਵੀ
ਜਿਉਂਦੀ ਜ਼ਿੰਦਗੀ 'ਚ ਮੋਇਆਂ ਮੁਰਦਿਆਂ
ਦੀਆਂ ਹਨ
ਜਿਉਂਦੇ ਮੁਰਦਿਆਂ ਦੀ ਮੋਈ ਜਿੰਦਗੀ ਦੀਆਂ ਹਨ
ਅਸੀਂ ਸਭ ਜਿਉਂਦੇ ਜਾਗਦੇ ਮੁਰਦੇ ਹਾਂ
ਜੋ ਆਪਣੇ ਸੱਚ ਤੋਂ ਅਣਜਾਣ ਹਾਂ
ਕ਼ਬਰਾਂ ਦਾ ਜਹਾਨ ਹਾਂ
ਨਾ ਜ਼ਿੰਦਗੀ ਨੂੰ ਸਾਡੀ ਪਹਿਚਾਣ ਹੈ
ਨਾ ਅਸੀਂ ਜ਼ਿੰਦਗੀ ਦੀ ਪਹਿਚਾਣ ਹਾਂ।

------

## ਦਾਮਨੀ ਲੋਕ

ਮੈਂ ਜੰਗਲ ਦੇ ਦਿਲ ਚੋਂ
ਸ਼ੀਸ਼ੇ ਦੇ ਸ਼ਹਿਰ ਉਸਾਰੇ ਹਨ
ਦਾਮਨੀ ਜਲ ਦੀਆਂ
ਤਲੀਆਂ ਤੇ ਉਤਾਰੇ ਹਨ

-0-

ਮੈਂ ਬਿੱਜਲਈ ਅੰਬਰ
ਚੰਨ ਸੂਰਜ ਤਾਰੇ
ਸ਼ੀਸ਼ੇ ਦੀ ਨਗਰੀ ਦੇ ਸਿਰ ਤੇ
ਸਜਾਏ ਹਨ
ਸ਼ੀਸ਼ੇ ਦੀਆਂ ਸੜਕਾਂ ਤੇ
ਦਾਮਨੀ ਦੇ ਰੁੱਖ ਉੱਗਾਏ ਹਨ
ਪਾਰੇ ਦੇ ਬੁੱਤ ਚੌਕਾਂ 'ਚ ਲਾਏ ਹਨ
ਦਾਮਨੀ ਜਲ ਦੀ ਧਰਤੀ
ਪੈਰਾਂ 'ਚ ਵਿਛਾਈ ਹੈ
ਰੌਸ਼ਨੀਆਂ 'ਚ
ਜੁਗਨੂੰਆਂ ਵਾਂਗ ਇਹ ਸ਼ਹਿਰ
ਜਗਦਾ ਹੈ
ਦਾਮਨੀ ਧਰਤੀ ਤੇ ਉਤਰਿਆ
ਚੰਨਾਂ ਸੂਰਜਾਂ ਦਾ ਸਵਰਗ ਲੱਗਦਾ ਹੈ

-0-

ਇਸ ਸ਼ਹਿਰ 'ਚ
ਸ਼ੀਸ਼ੇ ਦੇ ਘਰ ਨੇ ਦਾਮਨੀ ਦੇ ਲੋਕ ਨੇ
ਦਾਮਨੀ ਦੇ ਬ੍ਰਹਿਮੰਡ ਖਲਾਅ ਤੇ
ਪ੍ਰਲੋਕ ਨੇ
ਇਸ ਨਗਰੀ ਦੇ ਲੋਕਾਂ ਦਾ
ਦਾਮਨੀ ਦਾ ਵਜੂਦ ਹੈ
ਦਾਮਨੀ ਦੇ ਅੰਗ ਲਹੂ ਰੰਗ ਤੇ
ਸਰੂਪ ਹੈ

ਦਾਮਨੀ ਦੀ ਕਾਰਜ ਪ੍ਣਾਲੀ
ਦਾਮਨੀ ਦੇ ਰਿਸ਼ਤੇ ਨਾਤੇ
ਦਾਮਨੀ ਦਾ ਸਭਿਆਚਾਰ
ਇਹ ਲੋਕ ਹੰਢਾਉਂਦੇ ਹਨ
ਦਾਮਨੀ ਦੇ ਬੋਲ ਸੁਣਦੇ ਤੇ ਸੁਣਾਉਂਦੇ ਹਨ

-0-

ਇਨ੍ਹਾਂ ਦੇ ਪਿੰਡੇ 'ਚ
ਜ਼ਿੰਦਗੀ ਹੀ ਜ਼ਿੰਦਗੀ ਹੈ
ਇਨ੍ਹਾਂ ਚੋਂ ਮੌਤ ਮਨਫ਼ੀ ਹੈ
ਬਿੱਜਲੀ ਹੀ ਇਨ੍ਹਾਂ ਦਾ ਧਰਮ ਹੈ
ਕਰਨੀ ਹੈ ਕਰਮ ਹੈ
ਬਿੱਜਲੀ ਇਨ੍ਹਾਂ ਦੀ ਕਲਾ
ਵਿਗਿਆਨ ਗਿਆਨ ਤੇ ਦਰਸ਼ਨ ਹੈ
ਬਿੱਜਲੀ ਹੀ ਇਨ੍ਹਾਂ ਦੇ ਚਿਹਰਿਆਂ ਦਾ
ਦਰਪਣ ਹੈ
ਬਿੱਜਲੀ ਇਨ੍ਹਾਂ ਦੇ ਪਾਠਸ਼ਾਲਾ
ਵਿਸ਼ਵ ਵਿਦਿਆਲਾ ਹਨ
ਬਿੱਜਲੀ ਹੀ ਇਨ੍ਹਾਂ ਦਾ ਅੰਦਰ ਬਾਹਰ ਹੈ
ਬਿੱਜਲੀ ਹੀ ਇਨ੍ਹਾਂ ਦਾ ਸੰਚਾਰ ਹੈ
ਕਾਰੋਬਾਰ ਹੈ

-0-

ਇਨ੍ਹਾਂ ਦੁਆਲੇ
ਬਰਕ ਦੀ ਕੁਦਰਤ ਬਰਕ ਦੇ ਪਸ਼ੂ
ਪਖਸ਼ੀ ਹਨ
ਬਰਕ ਦੇ ਦਰਿਆ ਨਦੀਆਂ ਤੇ
ਸਾਗਰ ਹਨ
ਬਰਕ ਦੇ ਜੰਗਲ ਪਹਾੜ
ਬਰਕ ਦਾ ਅਨਾਜ ਖੇਤਾਂ 'ਚ
ਉੱਗਾਉਂਦੇ ਹਨ

ਬਰਕ ਪਹਿਨਦੇ ਖਾਂਦੇ ਪੀਂਦੇ ਤੇ ਹੰਢਾਉਂਦੇ ਹਨ
ਇਨ੍ਹਾਂ ਦੀ ਬਰਕ ਦੀ ਸੁਬ੍ਹਾ
ਬਰਕ ਦੀ ਸ਼ਾਮ ਹੈ
ਬਰਕ ਦਾ ਦਿਨ ਬਰਕ ਦੀ ਰਾਤ ਹੈ

-0-

ਇਨ੍ਹਾਂ ਲੋਕਾਂ ਦੇ ਵਜੂਦ 'ਚ
ਰੱਬ ਨਾਂ ਦਾ ਕੋਈ ਅੰਕੁਰ ਨਹੀਂ
ਭੈਅ ਦਾ ਵੈਰ ਦਾ ਵਿਰੋਧ ਦਾ ਕੰਕਰ ਨਹੀਂ
ਇਹ ਲੋਕ ਖ਼ੁਦ ਆਪਣੇ ਆਪ ਦੇ
ਰਚਤਾ ਹਨ
ਆਪਣੇ ਆਪ ਦੇ ਕਰਤਾ ਹਨ
ਇਸ ਨਗਰੀ 'ਚ
ਕੋਈ ਮੰਦਰ ਮਸਜ਼ਦ ਗਿਰਜਾਂ ਨਹੀਂ
ਜੇ ਹੈ ਤਾਂ ਦਾਮਨੀ ਦੀ ਪੂਜਾ ਹੈ
ਦਾਮਨੀ ਦਾ ਸਿਮਰਨ ਹੈ
ਇਹ ਲੋਕ ਦਾਮਨੀ ਨੂੰ ਧਿਆਉਂਦੇ ਹਨ
ਦਾਮਨੀ ਹੀ ਇਨ੍ਹਾਂ ਦਾ ਇਮਾਨ ਹੈ
ਦਾਮਨੀ ਹੀ ਇਨ੍ਹਾਂ ਦਾ ਭਗਵਾਨ ਹੈ

-0-

ਮੈਂ ਇਹ ਨਗਰੀ ਵੀ ਸਿਰਜੀ ਹੈ
ਇਹ ਲੋਕ ਵੀ ਸਿਰਜੇ ਹਨ
ਪਰ ਆਪਣਾ ਆਪਾ
ਇਨ੍ਹਾਂ ਵਾਂਗ ਸਿਰਜ ਨਹੀਂ ਸਕਿਆ
ਇਨ੍ਹਾਂ 'ਚ ਉਤਰ ਨਹੀਂ ਸਕਿਆ
ਇਨ੍ਹਾਂ 'ਚ ਜੀਅ ਨਹੀਂ ਸਕਿਆ
ਇਹ ਨਾ ਹੱਸਦੇ ਹਨ ਨਾ ਰੋਂਦੇ ਹਨ
ਇਨ੍ਹਾਂ ਦਾ ਆਪਣਾ ਹੀ ਜਹਾਨ ਹੈ
ਇਹ ਆਪਣੇ ਆਪ ਦੇ ਗੁਲਾਮ ਹਨ
ਇਹ ਜੋ ਬਿੱਜਲੀ ਦੇ ਇਨਸਾਨ ਹਨ

-0-

ਹਵਾ ਅੱਗ ਜਲ ਅਕਾਸ਼ ਧਰਤੀ
ਦੀ ਖੁਸ਼ਬੂ ਤੋਂ ਅਣਜਾਣ ਹਨ
ਬਿੱਜਲੀ ਦੇਂ ਇਨ੍ਹਾਂ ਦੇ ਪ੍ਰਾਣ ਹਨ
ਇਨ੍ਹਾਂ ਦਾ ਨਾ ਦਿਲ ਪਸੀਜਦਾ ਹੈ
ਨਾ ਇਨ੍ਹਾਂ 'ਚ ਪਿਆਰ ਦਾ ਜਜ਼ਬਾ ਹੈ
ਇਨ੍ਹਾਂ ਦੀ ਦੇਹ 'ਚ ਬਿੱਜਲੀ ਦੇ ਅਣੂ ਹਨ
ਇਨ੍ਹਾਂ ਤੇ ਬਸ ਬਿਜਲੀ ਦਾ ਹੀ ਕਬਜ਼ਾ ਹੈ
ਇਹ ਬਸ ਜੀਵੀ ਜਾ ਰਹੇ ਹਨ
ਬਸ ਜੀਵੀ ਜਾ ਰਹੇ ਹਨ
ਬਿਜਲੀ ਦੇ ਖਿਡਾਉਣੇ ਜਨਮਦੇ ਤੇ
ਪਾਲਦੇ ਹਨ
ਬਿਜਲੀ ਦਾ ਅਕਸ ਹੀ ਵਿਸਥਾਰਦੇ ਹਨ

-0-

ਮੈਂ ਇਨ੍ਹਾਂ ਨੂੰ ਸਿਰਜਕੇ
ਆਪਾ ਗੁਆ ਲਿਆ
ਆਪਣਾ ਸੱਚ ਮੁਕਾ ਲਿਆ
ਮੈਨੂੰ ਚੁੱਪ ਨੇ ਘੇਰਿਆ
ਮੈਨੂੰ ਮੇਰੀ ਉਦਾਸੀ ਤੇ ਉਜਾੜਾਂ ਨੇ
ਖਾ ਲਿਆ
ਮੈਨੂੰ ਇਕੱਲਤਾ ਨੇ ਘੇਰਿਆ
ਮੈਂ ਆਪਣੇ ਮੂੰਹ 'ਤੇ
ਕਬ਼ਰਾਂ ਦਾ ਜੰਗਲ ਉੱਗਾ ਲਿਆ

-0-

ਮੈਂ ਕੀ ਸਾਂ
ਕਿਥੋਂ ਟੁਰਿਆ ਤੇ ਕਿਥੋਂ ਆਇਆ ਹਾਂ
ਜਿੱਥੇ ਮੇਰਾ ਕੋਈ ਨਹੀਂ ਆਪਣਾ
ਮੈਂ ਆਪਣੇ ਆਪ ਲਈ ਵੀ ਪਰਾਇਆ ਹਾਂ

ਮੈਂ ਆਦਿ ਯੁੱਗ ਤੋਂ ਪਲਾਸਟਕ ਯੁੱਗ
ਹੰਢਾਇਆ ਹੈ
ਤੇ ਕੰਪਿਊਟਰ ਯੁੱਗ ਚੋਂ ਲੰਘ ਕੇ
ਖਾਲਸ ਦਾਮਨੀ ਯੁੱਗ 'ਚ ਉਤਰ ਆਇਆ ਹਾਂ

-0-

ਮੈਂ ਕੁੱਝ ਵੀ ਹਾਸਲ ਨਹੀਂ ਕੀਤਾ
ਸਭ ਕੁੱਝ ਗੁਆਇਆ ਹੈ
ਜਿਸ ਜੰਗਲ ਦੇ ਦਿਲ ਚੋਂ
ਮੈਂ ਸ਼ੀਸ਼ੇ ਦਾ ਸ਼ਹਿਰ ਉੱਗਾਇਆ ਸੀ
ਉਸ 'ਚ ਪਰਤ ਆਇਆ ਹਾਂ
ਜੰਗਲ ਅਜੇ ਤਕ ਚੁੱਪ ਹੈ ਉਦਾਸ ਹੈ
ਉਜਾੜ ਹੈ
ਸਾਰੇ ਦਾ ਸਾਰਾ ਸੁੱਕ ਗਿਆ ਹੈ
ਆਪਣੇ ਆਪ 'ਚ ਮੁਕ ਗਿਆ ਹੈ

-0-

ਇਕ ਬੁੱਢੇ ਰੁੱਖ ਨੇ ਮੈਨੂੰ ਬੁਲਾਇਆ
ਤੇ ਬੋਲਿਆ
ਮੈਂ ਤੈਨੂੰ ਜਾਣਦਾ ਹਾਂ ਪਹਿਚਾਣਦਾ ਹਾਂ
ਹੁਣ ਮੇਰੇ ਜੰਗਲ ਚੋਂ ਤੂੰ ਕੀ ਭਾਲਦਾ ਹੈਂ
ਇਸ ਕੋਲ ਤੇਰੇ ਲਈ
ਹੁਣ ਕੁਝ ਨਹੀਂ ਰਿਹਾ
ਜਦੋਂ ਤੂੰ
ਇਸ ਜੰਗਲ ਦੇ ਦਿਲ ਚੋਂ
ਸ਼ਹਿਰ ਉੱਗਾਇਆ ਸੀ
ਇਸ ਨੂੰ ਉਜਾੜਕੇ ਸ਼ਹਿਰ ਵਸਾਇਆ ਸੀ
ਇਕ ਗੱਲ ਮੇਰੀ ਯਾਦ ਰੱਖੀਂ ਸਦਾ

ਤੂੰ ਸ਼ਹਿਰ ਕੁਦਰਤੀ ਤੇ ਨਕਲੀ ਵਸਾ ਸਕਦਾ ਹੈਂ
ਦਾਮਨੀ ਦੇ ਲੋਕ ਸਿਰਜ ਸਕਦਾ ਹੈਂ
ਪਰ ਉਜੜੇ ਦਿਲ ਦੀ ਨਗਰੀ ਵਸਾ ਨਹੀਂ ਸਕਦਾ
ਬਿਜਲੀ ਦਾ ਦਿਲ ਬਣਾ ਸਕਦਾ ਹੈਂ
ਪਰ ਦਿਲ ਜਿਹਾ ਦਿਲ ਬਣਾਂ ਨਹੀਂ ਸਕਦਾ
ਰੁੱਖਾਂ ਜਿਹਾ ਜੰਗਲ ਉੱਗਾ ਨਹੀਂ ਸਕਦਾ ।

------

## ਆਪਣੇ ਬਿੰਦੂ ਆਪਣੇ ਦਾਇਰੇ

ਮੈਂ ਸੂਰਜ ਚਾਨਣ ਦਾ ਮੁਜੱਸਮਾਂ ਹਾਂ
ਆਪੇ ਆਪਣੇ ਆਪ ਦੀ ਚੜ੍ਹਤ ਹਾਂ
ਆਪੇ ਆਪਣੇ ਆਪ ਦਾ ਪਤਨ ਹਾਂ
ਮੈਂ ਕੰਕਰ ਹਾਂ ਪੱਥਰ ਹਾਂ ਰਤਨ ਹਾਂ

-0-

ਨਾ ਵੇਖੋ ਉੱਚਾਈ ਤੋਂ
ਜਿਮੀਂ ਤੇ ਵਿਛਿਆ ਮੈਨੂੰ
ਨਾ ਸਮਝੋ ਮਰ ਗਿਆ
ਨਾ ਮਿਟ ਗਿਆ ਮੈਨੂੰ
ਮੈਂ ਜ਼ਿੰਦਗੀ ਦੀ ਅੱਖ 'ਚ
ਵਸਦਾ ਫ਼ਲਕ ਹਾਂ
ਚੰਨਾਂ ਸੂਰਜਾਂ ਤਾਰਿਆਂ ਦਾ
ਸਾਲਮ ਚਿਹਰਾ ਹਾਂ
ਉੱਚਾਈਆਂ ਦੀ ਉੱਚਾਈ ਹਾਂ
ਜ਼ੱਰੇ ਜ਼ੱਰੇ 'ਚ ਜਿਉਂਦਾ ਸ਼ਬਦ ਹਾਂ

-0-

ਮੇਰੇ ਚੋਂ ਉਦੈ
ਅਕਾਸ਼ ਹੁੰਦਾ ਹੈ
ਬਹਾਰਾਂ ਮੌਸਮਾਂ ਰੁੱਤਾਂ ਸਮੇਂ ਦਾ
ਆਗਾਜ਼ ਹੁੰਦਾ ਹੈ
ਜੋ ਮੇਰੇ ਤੋਂ ਸ਼ੁਰੂ ਹੋ ਕੇ ਮੇਰੇ ਤੇ ਹੀ
ਮੁੱਕਦਾ ਹੈ
ਉਸਦਾ ਬੀਜ ਹਾਂ ਮੈਂ
ਮੇਰੇ ਚੋਂ ਉਸਦਾ ਵਿਸਥਾਰ ਹੁੰਦਾ ਹੈ
ਮੇਰੀ ਚੁੱਪ 'ਚ ਸਿਮਟਦਾ
ਮੇਰੀ ਚੁੱਪ ਚੋਂ ਪੁੰਗਰਦਾ
ਸਮੇਂ ਦਾ ਗੀਤ ਪੌਣਾਂ ਦੀ ਅਵਾਜ਼ ਹੁੰਦਾ ਹੈ

-0-

ਮੈਂ ਸੂਰਜ
ਚਾਨਣ ਦਾ ਮੁਜੱਸਮਾਂ ਹਾਂ
ਆਪੇ ਆਪਣੇ ਆਪ ਦੀ ਚੜ੍ਹਤ ਹਾਂ
ਆਪੇ ਆਂਪਣੇ ਆਪ ਦਾ ਪਤਨ ਹਾਂ
ਮੈਂ ਕੰਕਰ ਹਾਂ ਪੱਥਰ ਹਾਂ ਰਤਨ ਹਾਂ

-0-

ਕੋਈ ਸਾਗਰ ਤਰਦਾ ਤਰਦਾ
ਡੁੱਬ ਕੇ ਸਾਗਰ ਦਾ ਤਲ ਹੋ ਜਾਂਦਾ ਹੈ
ਉਹ ਤਲ ਚ ਸਿਮਟਕੇ
ਸਾਗਰ ਸਿਰ ਤੇ ਉਠਾਣ ਦਾ ਬਲ ਹੋ ਜਾਂਦਾ ਹੈ
ਅੱਜ ਹੋ ਜਾਂਦਾ ਹੈ
ਆਉਣ ਵਾਲਾ ਕੱਲ੍ਹ ਹੋ ਜਾਂਦਾ ਹੈ
ਉਹ ਜ਼ਿੰਦਗੀ ਦੇ ਨੈਣੀਂ
ਜ਼ਿੰਦਗੀ ਦਾ ਲਖਸ਼ ਧਰ ਜਾਂਦਾ ਹੈ
ਉਹ ਡੁੱਬਕੇ ਵੀ
ਸਮੁੰਦਰ ਤਰ ਜਾਂਦਾ ਹੈ

-0-

ਪਹਾੜ ਤੋਂ ਡਿੱਗ ਕੇ ਜਿਮੀਂ ਤੇ
ਵਗਦਾ ਝਰਨਾ
ਆਪਣੀ ਹੋਂਦ ਨਹੀਂ ਖੋਂਹਦਾ
ਆਪਣਾ ਅਕਾਰ ਨਹੀਂ ਖੋਂਹਦਾ
ਝਰਨੇ ਦਾ ਜਲ ਭਾਫ਼ ਬਣਦਾ ਹੈ
ਬੱਦਲ ਦੇ ਵਜ਼ੂਦ 'ਚ ਢਲਦਾ ਹੈ
ਧਰਤੀ ਤੋਂ ਉੱਚਾ ਉੱਠਦਾ ਹੈ
ਅੰਬਰ 'ਚ ਘੁੰਮਦਾ ਹੈ
ਪਹਾੜਾਂ ਦੀਆਂ ਸਿਖ਼ਰਾਂ ਤੇ ਵਰ੍ਹਦਾ ਹੈ

-0-

ਹਵਾ ਦਾ ਕੋਈ ਵੀ ਬੁੱਲ੍ਹਾ
ਹਵਾ 'ਚ ਰਲ ਕੇ ਮੁਕਦਾ ਨਹੀਂ ਹੈ
ਉਸ ਦੀ ਹੋਂਦ ਮਿਟ ਨਹੀਂ ਜਾਂਦੀ
ਉਹ ਪੌਣ ਦੇ ਸੱਚ 'ਚ ਰਲਦਾ ਹੈ
ਪੌਣ ਦੀ ਕੁੱਖ ਚੋਂ ਜਨਮਦਾ ਹੈ
ਜੰਗਲਾਂ ਸਾਗਰਾਂ ਤੇ ਪਹਾੜਾਂ ਤੇ ਵਗਦਾ ਹੈ

-0-

ਮੈਂ ਸੂਰਜ
ਚਾਨਣ ਦਾ ਮੁਜੱਸਮਾਂ ਹਾਂ
ਆਪੇ ਆਪਣੇ ਆਪ ਦੀ ਚੜ੍ਹਤ ਹਾਂ
ਆਪੇ ਆਪਣੇ ਆਪ ਦਾ ਪਤਨ ਹਾਂ
ਮੈਂ ਕੰਕਰ ਹਾਂ ਪੱਥਰ ਹਾਂ ਰਤਨ ਹਾਂ

-0-

ਅੰਬਰ 'ਚ ਉੱਡਦਾ ਪੰਛੀ
ਜੋ ਡਾਰ ਤੋਂ ਪਿੱਛੇ ਰਹਿ ਜਾਂਦਾ ਹੈ
ਡਾਰ ਦੀ ਪੈੜ ਨਹੀਂ ਛੱਡਦਾ
ਖੰਭਾਂ 'ਚ ਪ੍ਰਵਾਜ਼ ਭਰਦਾ ਹੈ
ਡਾਰ ਸੰਗ ਆ ਰਲਦਾ ਹੈ
ਡਾਰ ਦੀ ਰਾਹਨੁਮਾਹੀ ਕਰਦਾ ਹੈ

-0-

ਮੈਂ
ਸਾਉਂਦਾ ਹਾਂ ਜਿਮੀਂ ਤੇ
ਨਾ ਸਮਝਣਾ ਅੰਬਰ ਤੋਂ ਨੀਵਾਂ ਹਾਂ
ਮੈਂ ਪੈਰਾਂ ਤੇ ਜਦ ਵੀ ਖਲੋਂਦਾ ਹਾਂ
ਸਿਰ ਨਾਲ ਅੰਬਰ ਛੋਂਹਦਾ ਹਾਂ
ਧਰਤ ਦੇ ਬੋਲ ਅੰਬਰ ਨੂੰ ਸੁਣਾਉਂਦਾ ਹਾਂ

ਅੰਬਰ ਦੇ ਅੱਥਰੂ
ਆਪਣੇ ਨੈਣਾਂ 'ਚ ਹੰਢਾਉਂਦਾ ਹਾਂ
ਸਿਰ ਚੋਂ ਪੈਰ
ਪੈਰਾਂ ਚੋਂ ਸਿਰ ਉੱਗਾਉਂਦਾ ਹਾਂ

-0-

ਰੁੱਖ ਜੋ ਢਲ ਗਿਆ ਬੀਜ 'ਚ
ਜੜ੍ਹਹੀਣ ਨਹੀਂ ਹੋਇਆ
ਆਪਣੀ ਜੜ੍ਹ 'ਚ ਸਿਮਟਿਆ ਨਹੀਂ
ਆਪਣੇ ਸੱਚ 'ਚ ਉਤਰ ਆਇਆ ਹੈ
ਬੀਜ 'ਚ ਸਮਾਇਆ ਹੈ
ਬੀਜ ਨੇ ਫਿਰ ਮਿੱਟੀ ਚੋਂ
ਰੁੱਖ ਉੱਗਾਇਆ ਹੈ
ਰੁੱਖ 'ਚ ਛਾਵਾਂ ਪਰਤ ਆਈਆਂ ਹਨ
ਪੱਤਿਆਂ ਦੀਆਂ ਮਾਵਾਂ ਪਰਤ ਆਈਆਂ ਹਨ
ਪੰਛੀਆਂ ਨੇ ਰੁੱਖ ਨੂੰ ਵਸੇਰਾ ਬਣਾਇਆ ਹੈ
ਬੀਜ ਚੋਂ ਰੁੱਖ
ਰੁੱਖ ਚੋਂ ਜੀਵਨ ਪੁੰਗਰਦਾ ਨਜ਼ਰ ਆਇਆ ਹੈ

-0-

ਮੈਂ ਸੂਰਜ
ਚਾਨਣ ਦਾ ਮੁਜੱਸਮਾਂ ਹਾਂ
ਆਪੇ ਆਪਣੇ ਆਪ ਦੀ ਚੜ੍ਹਤ ਹਾਂ
ਆਪੇ ਆਪਣੇ ਆਪ ਦਾ ਪਤਨ ਹਾਂ
ਮੈਂ ਕੰਕਰ ਹਾਂ ਪੱਥਰ ਹਾਂ ਰਤਨ ਹਾਂ ।

------

## ਕੁਕਨੂਸ

ਐ ਪੰਛੀ
ਤੇਰਾ ਮੈਂ ਮੁੱਲ ਤਾਰਿਆ ਸੀ
ਲੱਖਾਂ 'ਚ ਹਜ਼ਾਰਾਂ 'ਚ
ਤੂੰ ਕੌਡੀਆਂ ਦੇ ਭਾਅ ਵਿੱਕ ਗਿਉਂ ਬਜ਼ਾਰ 'ਚ
ਲੱਭਿਆ ਸੀ ਤੈਨੂੰ ਹੰਗਾਲ ਕੇ ਸਾਗਰ
ਪਹਾੜ ਚੀਰ ਕੇ
ਅੰਬਰ ਉਧੇੜ ਕੇ
ਧਰਤੀ ਦੀ ਪਰਤ ਦਰ ਪਰਤ ਉਤਾਰ ਕੇ

-0-

ਰੱਖਿਆ ਸੀ ਤੈਨੂੰ ਮਖਮਲ 'ਚ ਲਪੇਟ ਕੇ
ਦੇਹ ਦੇ ਸਾਹਾਂ 'ਚ ਸਮੇਟ ਕੇ
ਤੇਰੇ ਲਈ ਮੈਂ
ਆਪਣਾ ਆਪਾ ਮਾਰਿਆ
ਅੰਬਰ ਤੋਂ ਆਪਣੇ ਆਪ ਨੂੰ
ਧਰਤੀ ਤੇ ਉਤਾਰਿਆ
ਤੇਰੇ ਤੇ ਛਾਂ ਕਰ ਸਕਾਂ
ਆਪਣਾ ਰੁੱਖ ਧੁੱਪਾਂ 'ਚ ਸਾੜਿਆ
ਮੈਂ ਆਪ ਕੰਡਿਆਂ ਤੇ ਟੁਰਦਾ ਰਿਹਾ
ਤੈਨੂੰ ਫੁੱਲਾਂ ਕਲੀਆਂ ਖਸ਼ਬੂਆਂ 'ਚ
ਬਹਾਲਿਆ

-0-

ਮੇਰੇ ਰੇਸ਼ਮੀ ਮਖ਼ਮਲੀ
ਫੁੱਲਾਂ ਤੋਂ ਨਾਜ਼ਕ ਵਸੇਰੇ 'ਚ
ਕਿਉਂ ਤੇਰਾ ਬਸਰ ਨਹੀਂ ਹੋਇਆ
ਕਿਉਂ ਤੂੰ ਰੌਸ਼ਨੀਆਂ 'ਚ ਜਗਦੇ
ਸ਼ੀਸ਼ ਮਹੱਲ 'ਚ ਰਹਿ ਨਹੀਂ ਸਕਿਆ

ਕਿਉਂ ਤੂੰ ਇਸਦੀ ਰੰਗਤ ਸੁੰਦਰਤਾ
ਤੇ ਮਹਿਕ ਦਾ ਰਸ ਪੀ ਨਹੀਂ ਸਕਿਆ
ਕਿਉਂ ਤੂੰ ਇਸ 'ਚ ਰਹਿ ਕੇ ਜੀਅ ਨਹੀਂ ਸਕਿਆ

-0-

ਮੈਂ ਮੰਨਦਾ ਹਾਂ
ਤੂੰ ਮੇਰਾ ਪੂਰਾ ਮੁੱਲ ਤਾਰਿਆ ਹੈ
ਰੌਸ਼ਨੀਆਂ ਤੇ ਮਖ਼ਮਲੀ ਮਾਹੌਲ
ਮੇਰੇ ਦੁਆਲੇ ਉਸਾਰਿਆ ਹੈ
ਮੇਰੇ ਪੈਰਾਂ 'ਚ ਸੂਰਜ
ਸਿਰ ਤੇ ਚੰਦਰਮਾ ਉਤਾਰਿਆ ਹੈ
ਮੈਨੂੰ ਰੰਗਾਂ ਖਸ਼ਬੂਆਂ ਸੁੰਦਰਤਾ
ਮਖ਼ਮਲ ਤੇ ਰੇਸ਼ਮ 'ਚ ਧਰ ਦਿੱਤਾ
ਮੇਰਾ ਦੁਆਲਾ ਸੁੱਖਾਂ ਨਾਲ ਭਰ ਦਿੱਤਾ

-0-

ਪਰ ਮੇਰੀ ਅਜ਼ਾਦ ਹੋਂਦ ਨੂੰ
ਤੂੰ ਸੋਨੇ ਦੇ ਪਿੰਜਰੇ 'ਚ ਬੰਦ ਕਰ ਦਿੱਤਾ
ਤੇਰੀ ਰੇਸ਼ਮ 'ਚ ਚੁਭਣ
ਤੇਰੀ ਮਖ਼ਮਲ 'ਚ ਸੂਲਾਂ ਸਨ
ਤੇਰਾ ਸੂਰਜ ਹਨ੍ਹੇਰਾ ਸੀ
ਤੇਰੇ ਚੰਦਰਮਾ ਦੀ ਚਾਂਦਨੀ ਕਾਲੀ ਸੀ
ਤੇਰੀ ਖਸ਼ਬੂ ਉਦਾਸ ਸੀ
ਤੇਰੀ ਸੁੰਦਰਤਾ ਗੂੰਗੀ ਸੀ
ਤੇਰੇ ਸੁੱਖਾਂ 'ਚ ਦੁੱਖਾਂ ਦਾ ਤਾਅ ਸੀ
ਤੇਰੀ ਦੁਨੀਆਂ 'ਚ ਮੁਸ਼ਕਲ ਲੈਣਾ ਸਾਹ ਸੀ

-0-

ਮੈਂ ਤੇ ਮੌਸਮਾਂ ਦੇ ਕੰਠ ਦਾ ਰਾਗ ਸਾਂ
ਬਹਾਰਾਂ ਦੇ ਪੈਰਾਂ ਦਾ ਨਾਚ ਸਾਂ
ਕੁਦਰਤ ਦਾ ਨਾਦ ਸਾਂ ਪੌਣਾਂ ਦਾ ਗੀਤ ਸਾਂ
ਧਰਤੀ ਦੇ ਸੀਨੇ 'ਚ ਅੰਬਰ ਦੀ ਉਮੀਦ ਸਾਂ
ਜੰਗਲ ਦੀ ਹਰਿਆਵਲ ਸਾਂ
ਪਹਾੜਾਂ ਦੀ ਸਿਖਰ ਸਾਂ
ਕੋਇਲ ਦਾ ਕੰਠ ਸਾਂ ਸੋਗ ਸਾਂ ਹਿਜ਼ਰ ਸਾਂ
ਬੀਜ 'ਚ ਰੁੱਖ ਸਾਂ ਰੁੱਖ 'ਚ ਬੀਜ ਸਾਂ

-0-

ਤ੍ਰਕਾਲਾਂ ਦਾ ਸੂਰਜ ਸਾਂ
ਸਰਘੀ ਦਾ ਵੇਲਾ ਸਾਂ
ਰਾਤਾਂ ਦੇ ਜੁੱਸੇ 'ਚ ਦਿਨ ਦਾ ਵਸੇਰਾ ਸਾਂ
ਰੁੱਖਾਂ ਦਾ ਇਸ਼ਾਰਾ ਸਾਂ
ਪੱਤਿਆਂ ਦੀਆਂ ਬਾਤਾਂ ਸਾਂ
ਸਹਿਰਾ ਦਾ ਚਿਹਰਾ ਸਾਂ
ਸਾਗਰ ਦੀਆਂ ਛੱਲਾਂ ਸਾਂ
ਤੇਰੇ ਇਸ ਨਕਲੀ ਵਸੇਰੇ ਤੋਂ
ਮੈਂ ਛਾਵਾਂ 'ਚ ਠਰਦਾ ਧੁੱਪਾਂ 'ਚ ਸੜਦਾ
ਬਰਸਾਤਾਂ 'ਚ ਭਿੱਜਦਾ ਹੀ ਚੰਗਾ ਸਾਂ

-0-

ਤੇਰੇ ਚੋਂ ਤਾਂ ਜ਼ਿੰਦਗੀ ਮੱਨਫ਼ੀ ਹੈ
ਤੂੰ ਕੁਦਰਤ ਤੋਂ ਦੂਰ ਹੈਂ
ਨਾ ਹਰਿਆਵਲੀ ਧਰਤ
ਨਾ ਨੀਲਾ ਅਸਮਾਨ ਤੇਰੇ ਕੋਲ ਹੈ
ਸਿਰਫ਼ ਐਸ਼ੋਇਸ਼ਰਤ ਦਾ ਨਕਲੀ ਸਮਾਨ ਹੈ

-0-

ਕਦੀ ਕੋਇਲ ਦਾ ਗੀਤ ਸੁਣਿਆ ਹੈ ਤੂੰ
ਕਦੀ ਮੋਰ ਦਾ ਨਾਚ ਤੱਕਿਆ ਹੈ ਤੂੰ
ਕਦੀ ਪੌਣਾਂ ਵਾਂਗ
ਬਾਂਸਾਂ ਦੇ ਜੰਗਲ ਚੋਂ ਗੁਜ਼ਰਿਆ ਹੈਂ ਤੂੰ
ਕਦੀ ਸ਼ਬਨਮ ਵਾਂਗ ਫੁੱਲਾਂ ਦੀਆਂ
ਪੱਤੀਆਂ ਤੇ ਜੀਆ ਹੈਂ ਤੂੰ
ਕਦੀ ਕੁਦਰਤੀ ਦਰਿਆਵਾਂ ਨਦੀਆਂ ਦਾ
ਜਲ ਪੀਤਾ ਹੈ
ਕਦੀ ਝਰਨਿਆਂ ਚਸ਼ਮਿਆਂ ਸੰਗ
ਟੁਰਿਆ ਹੈਂ ਤੂੰ
ਕਦੀ ਸੂਰਜ ਦੀ ਧੁੱਪ ਨੰਗੇ
ਪਿੰਡੇ ਤੇ ਸਹਾਰੀ ਹੈ
ਕਦੀ ਚੰਨ ਦੀ ਚਾਂਦਨੀ ਸਾਹਾਂ 'ਚ ਉਤਾਰੀ ਹੈ

-0-

ਕਦੀ
ਸਾਉਣ ਦੀਆਂ ਕਣੀਆਂ 'ਚ ਭਿੱਜਿਆ ਹੈਂ ਤੂੰ
ਕਦੀ ਕਿਸੇ ਦੇ ਰਾਹਾਂ 'ਚ
ਨਜ਼ਰਾਂ ਵਾਂਗ ਵਿਛਿਆ ਹੈਂ ਤੂੰ
ਕਦੀ ਤਾਰਿਆਂ ਦੀ ਛਾਂਵੇਂ ਚੰਨ ਦੀ
ਭਾਲ 'ਚ ਟੁਰਿਆ ਹੈਂ ਤੂੰ
ਕਦੀ ਧਰਤੀ ਦੇ ਵਿਛੌਣੇ ਤੇ
ਅੰਬਰ ਦੇ ਸ਼ਾਹਮਿਆਨੇ ਹੇਠ ਸੁੱਤਾ ਹੈਂ ਤੂੰ
ਕਦੀ ਕਬਰਾਂ ਦੀ ਚੁੱਪ ਸੁਣੀ ਹੈ
ਕਦੀ ਚੁੱਪ ਉਦਾਸੀ ਇਕੱਲਤਾ ਤੇ ਪੱਤਝੜ
ਬੁਣੀ ਹੈ ਤੂੰ

-0-

ਮੈਂ ਕੁਕਨੂਸ ਹਾਂ
ਜਿਸਦਾ ਤੂੰ ਮੁੱਲ ਤਾਰਿਆ ਸੀ
ਮੈਂ ਆਪਣੇ ਆਪ ਤੋਂ ਜਨਮਦਾ ਹਾਂ
ਮੈਂ ਦੀਪਕ ਰਾਗ ਗਾਉਂਦਾ ਹਾਂ
ਆਪਣੇ ਆਪ 'ਚ ਸੜਕੇ ਰਾਖ ਹੁੰਦਾ ਹਾਂ
ਸਾਉਣ ਦੀਆਂ ਕਣੀਆਂ
ਜਦ ਮੇਰੀ ਰਾਖ ਤੇ ਡਿੱਗਦੀਆਂ ਹਨ
ਮੈਂ ਆਪਣੀ ਰਾਖ ਚੋਂ ਫਿਰ ਜਨਮ ਆਉਂਦਾ ਹਾਂ

-0-

ਕੁਦਰਤ ਦੀ ਗੋਦ ਮੇਰਾ ਸਵੇਰਾ ਹੈ
ਤੇਰੇ ਇਸ ਸ਼ੀਸ਼ ਮਹੱਲ ਦੀਆਂ
ਨਕਲੀ ਖੁਸ਼ਬੂਆਂ ਗੂੰਗੀ ਸੁੰਦਰਤਾ ਤੇ
ਮਖ਼ਮਲੀ ਮਾਹੌਲ 'ਚ ਮੇਰਾ ਸਾਹ ਘੁੱਟਦਾ ਹੈ
ਤੇਰੇ ਸੋਨੇ ਦੇ ਪਿੰਜਰੇ ਤੋਂ ਆਜ਼ਾਦ ਹੋਣ ਲਈ
ਮੈਂ ਕੌਡੀਆਂ ਦੇ ਭਾਅ ਵਿਕਿਆ ਹਾਂ
ਮੈਂ ਕੁਦਰਤ ਦੀ ਗੁਰਬਤ 'ਚ ਜੀਅ ਲਵਾਂਗਾ
ਪਰ ਤੇਰੇ ਸੋਨੇ ਦੀ ਗੁਲਾਮੀ 'ਚ
ਜਿਉਣਾ ਮੁਹਾਲ ਹੈ
ਕੁਦਰਤ ਬਿਨਾਂ ਜਲ ਬਿਨਾਂ ਮੱਛਲੀ
ਜਿਹਾ ਹੀ ਮੇਰਾ ਹਾਲ ਹੈ

-0-

ਮੇਰੀ ਫ਼ਿਤਰਤ ਅੰਮ੍ਰਿਤ ਦੀ ਭਰੀ ਹੈ
ਭਾਣੇ ਦੇ ਸਵੈ ਸੱਚ ਤੇ ਖੜ੍ਹੀ ਹੈ
ਭਾਣੇ ਫ਼ਿਤਰਤ ਜ਼ਹਿਰ ਭਰੀ ਹੈ
ਲਾਲਚ ਤੇ ਲੋਭ ਤੇ ਖੜ੍ਹੀ ਹੈ
ਤੇਰਾ ਜ਼ਹਿਰ ਮੈਂ ਕਿਞ ਕੰਠ ਨੂੰ ਲਾਵਾਂ
ਜਦ ਇਸ 'ਚ ਖੁਮਾਰੀ ਨਹੀਂ ਹੈ
ਮੇਰੀ ਜ਼ਿੰਦਗੀ ਅੱਲ੍ਹਾ ਦੀ ਦੇਣ ਹੈ
ਧਰਤ ਦੇ ਮਨੁੱਖ ਦੀ ਉਧਾਰੀ ਨਹੀਂ ਹੈ ।

----

## ਸੱਚ ਆਲੋਪ ਹੈ

ਚਿਹਰਿਆਂ ਦਾ ਸਾਗਰ ਹੈ
ਸਾਗਰ ਦੇ ਚਿਹਰੇ ਹਨ
ਚਿਹਰਿਆਂ ਦੇ ਅੰਗ ਹਨ ਨਖ਼ਸ਼ ਹਨ
ਨੌਹਾਰ ਹੈ
ਪਰ ਚਿਹਰਿਆਂ 'ਚ ਇਨਸਾਫ਼ ਕੋਈ ਨਹੀਂ
ਚਿਹਰੇ ਆਪਣੇ ਆਪ 'ਚ
ਤਕਸੀਮੇ ਪਏ ਹਨ
ਕਬਰਾਂ ਦੀ ਜੂਨ ਹੰਢਾ ਰਹੇ ਹਨ
ਆਪਣਾਂ ਆਪਣਾ ਸ਼ਮਸ਼ਾਨ ਜੀਅ ਰਹੇ ਹਨ
ਜ਼ਿੰਦਗੀ ਦਾ ਲਹੂ ਪੀ ਰਹੇ ਹਨ

-0-

ਸਾਗਰ ਦੇ ਚਿਹਰੇ ਹਨ
ਪਰ ਸਾਗਰ ਚੋਂ ਸਾਗਰ ਦਾ ਸੱਚ ਆਲੋਪ ਹੈ
ਸਾਗਰ ਤੇ ਚਿਹਰੇ ਮੋਈਆਂ ਮੱਛੀਆਂ ਵਾਂਗ
ਤੈਰ ਰਹੇ ਹਨ
ਸਾਗਰ ਸੁੱਕਾ ਹੈ ਜਲ ਦਾ ਭਰਮ ਪਾਲਦਾ ਹੈ
ਆਪਣੇ ਪਿੰਡੇ ਤੋਂ ਸਹਿਰਾ ਉਤਾਰਦਾ ਹੈ

-0-

ਦਰਿਆਵਾਂ ਦਾ ਹਾਜ਼ੂਮ
ਹਾਜ਼ੂਮ ਦੇ ਦਰਿਆ ਹਨ
ਦਰਿਆਵਾਂ 'ਚ ਦਰਿਆ ਕੋਈ ਨਹੀਂ
ਅੱਗਣ ਜਲ ਦਰਿਆ 'ਚ ਵਗਦਾ ਹੈ
ਖੇਤਾਂ 'ਚ ਬੀਜੇ ਬਰੂਦ ਨੂੰ ਲੱਗਦਾ ਹੈ
ਬਰੂਦ ਦੀ ਫ਼ਸਲ ਦਰਿਆ ਉੱਗਾਂਦੇ ਹਨ
ਆਪਣੇ ਚੋਂ ਜਨਮਿਆਂ
ਆਪਣਾ ਸ਼ਮਸ਼ਾਨ ਹੰਢਾਉਂਦੇ ਹਨ

-0-

ਹਾਜ਼ੂਮ ਦੇ ਦਰਿਆ ਹਨ
ਹਾਜ਼ੂਮ ਚੋਂ ਹਾਜ਼ੂਮ ਦਾ ਸੱਚ ਆਲੋਪ ਹੈ
ਦਰਿਆਵਾਂ ਦਾ ਹਾਜ਼ੂਮ ਸੜਦਾ ਥਲ ਹੋ ਗਿਆ ਹੈ
ਆਪਣੇ ਪਿੰਡੇ 'ਚ ਕੁਦਰਤ ਉਬਾਲਦਾ ਹੈ
ਜ਼ਿੰਦਗੀ ਦੀਆਂ ਰਗਾਂ 'ਚ ਅੱਗ ਉਤਾਰਦਾ ਹੈ

-0-

ਨਦੀਆਂ ਦੇ ਝੁੰਡ ਹਨ
ਝੁੰਡਾਂ ਦੀਆਂ ਨਦੀਆਂ ਹਨ
ਨਦੀਆਂ 'ਚ ਨਦੀ ਕੋਈ ਨਹੀਂ ਹੈ
ਨਦੀਆਂ ਸੁੱਕ ਗਈਆਂ ਹਨ
ਆਪਣਾ ਗਰੂਰ ਤਰਦੀਆਂ ਤਰਦੀਆਂ
ਮੁੱਕ ਗਈਆਂ ਹਨ
ਨਦੀਆਂ ਦੇ ਪਿੰਜਰ ਰੁਲ ਰਹੇ ਹਨ
ਕਬਰਾਂ ਦੇ ਵਜੂਦ ਬੁਣ ਰਹੇ ਹਨ
ਜ਼ਿੰਦਗੀ ਮੌਤ 'ਚ ਗੁੰਨ ਰਹੇ ਹਨ
ਜ਼ਿੰਦਗੀ ਦੀਆਂ ਖੁਸ਼ੀਆਂ ਰੌਣਕਾਂ
ਬਾਲ ਕੇ ਹੱਡਾਂ ਨੂੰ ਉਤੇ ਭੁੰਨ ਰਹੇ ਹਨ

-0-

ਝੁੰਡ ਦੀਆਂ ਨਦੀਆਂ ਹਨ
ਝੁੰਡ ਚੋਂ ਝੁੰਡ ਦਾ ਸੱਚ ਆਲੋਪ ਹੈ
ਨਦੀਆਂ ਚੋਂ ਝੁੰਡ ਮੱਨਫ਼ੀ ਹੈ
ਆਪਣੀ ਥਾਂ ਇਕੱਲਤਾ ਧਰ ਗਿਆ ਹੈ
ਨਦੀਆਂ ਦੀ ਕੁੱਖ ਨਾਲ
ਸਿਰ ਟੱਕਰਾ ਟੱਕਰਾ ਕੇ ਮਰ ਗਿਆ ਹੈ
ਨਦੀਆਂ ਦੇ ਇਕੱਠ ਚੋਂ ਏਕਤਾ ਮੱਨਫ਼ੀ ਹੈ
ਨਦੀਆਂ ਦੀ ਤੀਲਾ ਤੀਲਾ ਹਸਤੀ ਹੈ

-0-

ਰੁੱਖਾਂ ਦਾ ਜੰਗਲ ਹੈ
ਜੰਗਲ ਦੇ ਰੁੱਖ ਹਨ
ਰੁੱਖ ਹਨ ਪਰ ਰੁੱਖ ਕੋਈ ਨਹੀਂ ਹੈ
ਰੁੱਖ ਆਪਣੀਆਂ ਛਾਂਵਾਂ ਦੇ ਲਾਲਚ 'ਚ
ਸੜ ਰਹੇ ਹਨ
ਆਪਣੀ ਹਰਿਆਵਲ 'ਚ ਉਬਲ ਰਹੇ ਹਨ
ਆਪਣੇ ਪੈਰਾਂ 'ਚ ਸਿਮਟਦੇ ਜਾ ਰਹੇ ਹਨ
ਆਪੇ ਹੀ ਆਪ ਦੀ ਆਰਤੀ ਉਤਾਰ ਰਹੇ ਹਨ

-0-

ਜੰਗਲ ਦੇ ਰੁੱਖ ਹਨ
ਜੰਗਲ ਚੋਂ ਜੰਗਲ ਦਾ ਸੱਚ ਆਲੋਪ ਹੈ
ਜੰਗਲ ਰੁੱਖਾਂ ਤੋਂ ਬਨਵਾਸੀ ਹੋ ਗਿਆ ਹੈ
ਆਪਣੇ ਆਪ 'ਚ ਹੀ ਖੋਹ ਗਿਆ ਹੈ
ਜੰਗਲ ਤੋਂ ਪੱਥਰ ਹੋ ਗਿਆ ਹੈ

-0-

ਮੰਦਰ ਹਨ
ਮੰਦਰਾਂ ਦੀ ਜਮਾਂ ਹੈ
ਮੰਦਰਾਂ 'ਚ ਮੰਦਰ ਕੋਈ ਨਹੀਂ ਹੈ
ਮੰਦਰ ਖੰਡਰਾਂ ਤੋਂ ਥੇਹ ਹੋ ਗਏ ਹਨ
ਕੀੜਿਆਂ ਮਕੌੜਿਆਂ ਦੇ ਭੌਣ ਬਣ ਗਏ ਹਨ
ਵੀਰਾਨੀਆਂ ਪੱਤਝੜਾਂ ਤੇ ਉਜਾੜਾਂ 'ਚ
ਢਲ ਗਏ ਹਨ
ਰੱਬੀ ਦਰਗਾਹ ਤੋਂ ਮਿੱਟੀ 'ਚ ਰਲ ਗਏ ਹਨ

-0-

ਮੰਦਰਾਂ ਦੀ ਜਮਾਂ ਹੈ
ਜਮਾਂ ਚੋਂ ਜਮਾਂ ਦਾ ਸੱਚ ਆਲੋਪ ਹੈ
ਮੰਦਰਾਂ ਦੀ ਜਮਾਂ ਚੋਂ ਮੱਨਫ਼ੀਆਂ ਉੱਗ ਆਈਆਂ ਹਨ
ਤਿੜਕੇ ਬੁੱਤਾਂ ਦਾ ਅੰਦਰਲਾ

ਰੱਬ ਨਸ਼ਰ ਹੋ ਗਿਆ ਹੈ
ਪੱਥਰ ਦੇ ਬੁੱਤਾਂ 'ਚੋਂ ਰੱਬ ਦਾ ਭੁਲੇਖਾ
ਦੂਰ ਹੋ ਗਿਆ ਹੈ
ਤਿੜਕੇ ਬੁੱਤ ਰੱਬ ਦੇ ਭਰਮ ਤੋਂ
ਅਜ਼ਾਦ ਹੋ ਗਏ ਹਨ
ਪੱਥਰਾਂ 'ਚ ਰਲਕੇ
ਪੱਥਰ ਪੱਥਰਾਂ ਦੀ ਜਾਤ ਹੋ ਗਏ ਹੱਨ

-0-

ਜ਼ਿੰਦਗੀ ਦਾ ਸਾਗਰ ਹੈ
ਸਾਗਰ ਦੀ ਜ਼ਿੰਦਗੀ ਹੈ
ਜ਼ਿੰਦਗੀ ਦੇ ਅੰਗ ਹਨ ਨਕ਼ਸ਼ ਹਨ
ਨੌਹਾਰ ਹੈ
ਪਰ ਜ਼ਿੰਦਗੀ 'ਚ ਜ਼ਿੰਦਗੀ ਕੋਈ ਨਹੀਂ
ਜ਼ਿੰਦਗੀ ਦਾ ਚਿਹਰਾ ਤਿੜਕਿਆ ਹੈ
ਜ਼ਿੰਦਗੀ ਨੇ ਸਮੁੰਦਰ ਰਿੜਕਿਆ ਹੈ
ਜ਼ਿੰਦਗੀ ਦੇ ਹਿੱਸੇ ਵਿਸ਼ ਆਇਆ ਹੈ
ਜੋ ਜ਼ਿੰਦਗੀ ਦਾ ਸਰਮਾਇਆ ਹੈ

-0-

ਸਾਗਰ ਦੀ ਜ਼ਿੰਦਗੀ ਹੈ
ਸਾਗਰ ਚੋਂ ਸਾਗਰ ਦਾ ਸੱਚ ਅਲੋਪ ਹੈ
ਜ਼ਿੰਦਗੀ ਦੇ ਪੱਲੇ ਸਾਗਰ ਦਾ ਸੋਗ ਹੈ
ਜ਼ਿੰਦਗੀ ਨੂੰ ਚੁੱਪ ਉਦਾਸੀ ਤੇ ਇਕੱਲਤਾ ਦਾ ਰੋਗ ਹੈ
ਜ਼ਿੰਦਗੀ ਚੋਂ
ਜ਼ਿੰਦਗੀ ਪਰ ਲਾ ਕੇ ਉੱਡ ਗਈ ਹੈ
ਜ਼ਿੰਦਗੀ ਨੂੰ ਮੌਤ ਦੇ ਹਨ੍ਹੇਰੇ 'ਚ ਸੁੱਟ ਗਈ ਹੈ

ਜ਼ਿੰਦਗੀ 'ਚ ਫੈਲਿਆ ਹਨ੍ਹੇਰ ਹੈ
ਬੈਠੀ ਹੈ
ਜਿਸ ਤੇ ਜ਼ਿੰਦਗੀ
ਉਹ ਜ਼ਿੰਦਗੀ ਦੀ ਮੌਤ ਹੈ
ਬਾਰੂਦ ਦਾ ਢੇਰ ਹੈ

-0-

ਚਿਹਰਿਆਂ ਦਾ ਸਾਗਰ ਹੈ
ਸਾਗਰ ਦੇ ਚਿਹਰੇ ਹਨ
ਚਿਹਰਿਆਂ ਦੇ ਅੰਗ ਹਨ ਨਖਸ਼ ਹਨ
ਨੌਂਹਾਰ ਹੈ
ਪਰ ਚਿਹਰਿਆਂ 'ਚ ਇਨਸਾਫ਼ ਕੋਈ ਨਹੀਂ
ਚਿਹਰੇ ਆਪਣੇ ਆਪ 'ਚ
ਤਕਸੀਮੇ ਪਏ ਹਨ
ਤਿੜਕੇ ਪਏ ਹਨ
ਕਬਰਾਂ ਦੀ ਜੂਨ ਹੰਢਾ ਰਹੇ ਹਨ
ਆਪਣਾ ਆਪਣਾ ਸ਼ਮਸ਼ਾਨ ਜੀ ਰਹੇ ਹਨ
ਜ਼ਿੰਦਗੀ ਦਾ ਲਹੂ ਪੀ ਰਹੇ ਹਨ ।

------

## ਦਿਲ ਦਾ ਪੰਛੀ

ਇਹ ਦਿਲ ਦਾ ਪੰਛੀ
ਧਰਤੀਆਂ ਤੇ ਅਕਾਸ਼ ਕੱਛਦਾ ਹੈ
ਨਾ ਇਸਦੇ ਦਿਲ ਨੂੰ ਕੁਝ ਭੌਂਦਾ ਹੈ
ਨਾ ਇਸਦੀ ਨਜ਼ਰ ਨੂੰ ਹੀ ਜਚਦਾ ਹੈ.

-0-

ਬਹਾਰਾਂ ਦੇ ਸੁਣਕੇ ਦਸਤਕ
ਮੌਸਮ
ਗੁਲਜ਼ਾਰਾਂ ਦੇ ਵਿਹੜੇ ਉਤਰ ਆਉਂਦੇ ਹਨ
ਕੋਇਲ ਦੇ ਕੰਠ ਦਾ ਬ੍ਰਿਹਾ
ਮੋਰ ਨੱਚ ਨੱਚ ਕੇ ਗਾਉਂਦੇ ਹਨ
ਬੜਾ ਅਜੀਬ ਹੈ ਦਿਲ
ਦਿਲ ਦੇ ਦਰਵਾਜ਼ੇ ਬੰਦ ਰੱਖਦਾ ਹੈ
ਦੌੜਦਾ ਹੈ
ਸਾਇਆਂ ਦੇ ਪਿੱਛੇ
ਚੁਰਾ ਕੇ ਅਸਲੀਅਤ ਤੋਂ ਨਜ਼ਰਾਂ
ਬੁਣਦੈ ਸੁਫ਼ਨੇ ਦਿਲ ਦੇ
ਜਗਾ ਕੇ ਸੁੱਤੀਆਂ ਸੱਧਰਾਂ
ਸਾਏ ਤੇ ਮਰਦਾ ਹੈ
ਸਾਏ ਦੇ ਸੱਚ ਤੋਂ ਡਰਦਾ ਹੈ

-0-

ਬੜਾ ਅੱਥਰਾ ਤੇ ਬੇਲਗਾਮ ਹੈ
ਇਹ ਮਨ ਦਾ ਘੋੜਾ
ਟਿੱਕ ਕੇ ਨਹੀਂ ਬਹਿੰਦਾ
ਇੱਕ ਪਲ ਵੀ ਭੋਰਾ
ਪਹਾੜਾਂ ਤੇ ਭੌਂਦਾ ਹੈ ਸਗਰ ਤੇ ਤਰਦਾ ਹੈ
ਨਹੀਂ ਮੁੜਦਾ
ਅੱਗ ਦਾ ਦਰਿਆ ਤਰਨੋਂ ਵੀ

ਤਿੱਤਲੀਆਂ ਰੰਗ ਤੇ ਖੁਸ਼ਬੂਆਂ ਫੜਨੋਂ ਵੀ
ਪੌਣਾਂ ਤੇ ਪਾ ਕੇ ਕਾਠੀ
ਅੰਬਰ ਤੇ ਘੁੰਮਦਾ ਹੈ
ਸੱਜਾ ਕੇ ਚੰਨ ਮੱਥੇ ਤੇ
ਚਾਂਦਨੀ ਦਾ ਬਦਨ ਚੁੰਮਦਾ ਹੈ
ਮਹਿਕਾਂ ਜਿਉਂਦਾ ਹੈ
ਸੁੰਦਰਤਾ ਦਾ ਪਾਣੀ ਭਰਦਾ ਹੈ

-0-

ਹੈ ਆਸ਼ਕ
ਹੁਸਨ ਤੇ ਜੁਆਨੀ ਦਾ
ਬੜਾ ਭਰਮੀ ਹੈ
ਪਿਆਰ 'ਚ ਬਦਨਾਮੀ ਦਾ
ਪਰਦੇ 'ਚ ਜਿਉਂਦਾ ਹੈ
ਪਰਦੇ 'ਚ ਰਹਿੰਦਾ ਹੈ
ਪਰਦੇ 'ਚ ਸੱਜਣਾਂ ਕੋਲ ਬਹਿੰਦਾ ਹੈ
ਦਿਨੇ ਸ਼ੀਸ਼ੇ ਦੇ ਅੱਗਿਓਂ ਨਹੀਂ ਹਟਦਾ
ਰਾਤ ਨੂੰ ਸੱਜਣ ਮਿਲਣ ਲਈ
ਕਾਲੀਆਂ ਨਦੀਆਂ ਨੂੰ ਤਰਦਾ ਹੈ ।

-------

## ਜ਼ਫ਼ਾ ਤੇ ਵਫ਼ਾ

ਤੇਰੇ ਚੋਂ ਵਫ਼ਾ ਦਾ ਜਲ ਟੁਰਿਆ ਹੈ
ਮੇਰੇ ਚੋਂ ਜ਼ਫ਼ਾ ਦੀ ਅੱਗ ਟੁਰੀ ਹੈ
ਤੇਰੀ ਵਫ਼ਾ ਧਰਤੀ 'ਚ ਰਲੀ ਹੈ
ਮੇਰੀ ਜ਼ਫ਼ਾ ਅੰਬਰ 'ਚ ਢਲੀ ਹੈ

-0-

ਅੰਬਰ ਤੇ ਧਰਤੀ ਨੇ
ਆਪਣੇ ਦਿਸਹੱਦੇ ਤੇ
ਤੇਰੀ ਵਫ਼ਾ ਤੇ ਮੇਰੀ ਜ਼ਫ਼ਾ ਦਾ
ਇਕ ਬੁੱਤ ਬਣਾਇਆ ਹੈ
ਪਿਆਰ ਦੀ ਪ੍ਰਕਿਰਤੀ
ਇਸ਼ਕ ਦੇ ਸੱਚ ਦਾ
ਇਸ ਨੂੰ ਅਰਘਾ ਚੜ੍ਹਾਇਆ ਹੈ

-0-

ਇਸ਼ਕ ਦੇ ਸੱਚ ਦੀ ਪ੍ਰਕਿਰਤੀ
ਦਾ ਅੰਕੁਰ ਸਾਉਣ ਹੈ
ਸਾਉਣ 'ਚ ਜਲ ਵੀ ਹੈ ਅੱਗਣ ਵੀ ਹੈ
ਝੁੱਲ੍ਹਣਾ ਵੀ ਹੈ ਭਰਨਾ ਵੀ ਹੈ
ਭਿੱਜਣਾ ਵੀ ਵਰ੍ਹਨਾ ਵੀ ਹੈ

-0-

ਸਾਉਣ ਜਦ ਪੱਥਰ ਤੇ ਵਰ੍ਹਦਾ ਹੈ
ਪੱਥਰ ਦੀ ਪਿਆਸ ਨਹੀਂ
ਅੱਗ ਬੁਝਾਉਂਦਾ ਹੈ
ਸਾਉਣ ਜਦ ਰੂਪ ਤੇ ਵਰ੍ਹਦਾ ਹੈ
ਰੂਪ ਦੇ ਪਿੰਡੇ ਨੂੰ ਅੱਗ ਲਾਉਂਦਾ ਹੈ

ਰੂਪ ਦਾ ਤਪਦਾ ਜਿਸਮ
ਅੰਬਰ ਤੋਂ ਬਲੂਰ ਬੱਦਲ ਦਾ
ਇਕ ਟੋਟਾ ਫੜਦਾ ਹੈ
ਆਪਣੇ ਜਿਸਮ ਤੇ ਨਿਚੋੜਦਾ ਹੈ
ਤਪਸ਼ ਤੋਂ ਮੁਕਤ ਹੁੰਦਾ ਹੈ
ਜ਼ਫ਼ਾ ਤੋਂ ਵਫ਼ਾ 'ਚ ਬਦਲਦਾ ਹੈ

-0-

ਇਹ ਸਾਉਣ ਤੇਰੇ ਜਿਸਮ 'ਚ ਵੀ
ਮੇਰੇ ਜਿਸਮ 'ਚ ਵੀ ਹੈ
ਧੁੱਪਾਂ 'ਚ ਹੈ ਛਾਵਾਂ 'ਚ ਹੈ
ਇਹ ਜ਼ਿੰਦਗੀ ਦੇ ਹਰ ਰੂਪ 'ਚ ਹੈ
ਪੱਤੇ ਪੱਤੇ ਦੇ ਜਿਸਮ 'ਚ ਹੈ
ਸਹਿਰਾ 'ਚ ਹੈ ਸਾਗਰ 'ਚ ਹੈ
ਨਦੀਆਂ ਪਹਾੜਾਂ ਦਰਿਆਵਾਂ ਜੰਗਲਾਂ
ਪੱਥਰਾਂ 'ਚ ਹੈ
ਅੰਬਰ ਦੀਆਂ ਉੱਚਾਈਆਂ 'ਚ ਹੈ
ਧਰਤੀ ਦੀਆਂ ਗਹਿਰਾਈਆਂ 'ਚ ਹੈ

-0-

ਇਸ ਸੱਚ ਦੀ ਪ੍ਰਕਿਰਤੀ ਦਾ ਅੰਕੁਰ
ਜਲ 'ਚ ਅੱਗ ਦਾ ਵਸੇਰਾ ਹੈ
ਜਿਵੇਂ ਸਾਗਰ ਦੇ ਦਿਲ 'ਚ ਸਹਿਰਾ ਦਾ ਡੇਰਾ ਹੈ
ਹਰਿਆਵਲ ਦੇ ਪਿੰਡੇ 'ਚ
ਨਿੱਘ ਦਾ ਵਸੇਰਾ ਹੈ
ਧਰਤੀ ਦੀ ਕੁੱਖ 'ਚ ਅੱਗ ਹੈ
ਧਰਤੀ ਦੇ ਪਿੰਡੇ 'ਚ ਜਲ ਹੈ
ਅੰਬਰ 'ਚ ਚਾਂਦਨੀ ਦੀ ਠੰਡਕ ਹੈ
ਸੂਰਜ ਦਾ ਤੇਜ ਹੈ

ਤੇਰੀ ਤੇ ਮੇਰੀ ਵਫ਼ਾ ਜ਼ਫ਼ਾ ਦਾ
ਕੁਦਰਤ 'ਚ ਵਸੇਰਾ ਹੈ
ਜ਼ਿੰਦਗੀ ਦਾ ਉਤਾਰਾ ਹੈ
ਤੇਰੀ ਵਫ਼ਾ ਮੇਰੀ ਜ਼ਫ਼ਾ 'ਚ ਲਿਪਟਿਆ
ਸੰਸਾਰ ਸਾਰਾ ਹੈ

-0-

ਤੇਰੇ ਮੇਰੇ ਪ੍ਰਾਣਾਂ 'ਚ
ਅੱਗ ਤੇ ਜਲ ਦਾ ਨਿੱਘ ਹੈ
ਅਥਰੂਆਂ 'ਚ ਅੱਗ ਜਲ ਦਾ
ਕੋਸਾਪਣ ਹੈ
ਅੱਗ ਤੇ ਜਲ ਦੀ ਮਿਸ਼ਰਣ ਪ੍ਰਕਿਰਤੀ ਹੈ
ਹਰਾ ਜੰਗਲ ਜਲ ਕਹਾਉਂਦਾ ਹੈ
ਸੁੱਕਿਆ ਜੰਗਲ ਅੱਗ ਦਾ ਰੂਪ ਹੋ ਜਾਂਦਾ ਹੈ
ਫੁੱਲਾਂ 'ਚ ਹਾਸਾ ਹੈ ਤਾਂ ਅੱਥਰੂ ਵੀ ਹਨ
ਕਲੀਆਂ 'ਚ ਮਹਿਕ ਹੈ ਤਾਂ ਗੰਧ ਵੀ ਹੈ
ਰੁੱਖ ਫੁੱਲ ਪੱਤੀਆਂ ਕਲੀਆਂ
ਜੀਵਨ ਦੀ ਗੰਧ ਹੰਢਾਉਂਦੇ ਹਨ
ਜਿਸਮ ਚੋਂ ਸੁਗੰਧ ਉੱਗਉਂਦੇ ਹਨ

-0-

ਵਫ਼ਾ ਤੇ ਜ਼ਫ਼ਾ ਦੇ ਤਰਾਜ਼ੂ 'ਚ
ਜੀਵਨ ਦਾ ਸੰਤੁਲਨ ਹੈ ਅਥਾਹ ਹੈ
ਪੱਤਝੜਾਂ ਚੁੱਪ ਉਦਾਸੀਆਂ ਉਜਾੜਾਂ
ਮੌਸਮ ਰੁੱਤਾਂ ਬਹਾਰਾਂ ਵਾਂਗ ਹੀ
ਗੁਲਸ਼ਨ ਦੇ ਸ਼ਿੰਗਾਰ ਹਨ
ਮੇਰੀ ਜ਼ਫ਼ਾ ਦੀ ਅੱਗ
ਤੇਰੀ ਵਫ਼ਾ ਦਾ ਜਲ
ਜੀਵਨ ਦਾ ਸੋਮਾ ਹੈ
ਸੱਚ ਸੁੰਦਰਤਾ ਦਾ ਨਿਖ਼ਾਰ ਹੈ
ਜੀਵਨ ਦਾ ਦੁੱਖ ਸੁੱਖ
ਜੀਵਨ ਦੀਆਂ ਖ਼ੁਸ਼ੀਆਂ
ਰੌਣਕਾਂ ਬਹਾਰ ਹੈ

-0-

ਤੂੰ
ਆਪਣੀ ਵਫ਼ਾ ਦੀ ਪ੍ਰਕਰਮਾ
ਸਿਮਰਨ ਅਰਾਧਨਾ ਆਰਤੀ
ਉਤਾਰਦੀ ਚਲੀ ਜਾ
ਮੈਂ
ਆਪਣੀ ਜ਼ਫ਼ਾ ਨੂੰ
ਪੁਣਦਾ ਛਾਣਦਾ ਮਾਂਜਦਾ
ਤੇ ਸ਼ੁੱਧ ਕਰਦਾ ਰਹਾਂਗਾ
ਮਨੁੱਖੀ ਜੀਵਨ ਵਾਂਗ
ਵਫ਼ਾ ਤੇ ਜ਼ਫ਼ਾ ਦੀ ਅਧਰਾਂਗਨੀ
ਦਾ ਬੀਜ
ਧਰਤੀ ਤੇ ਅੰਬਰ ਤੇ ਧਰਦਾ ਰਹਾਂਗਾ
ਤੂੰ ਮੇਰੀ ਜ਼ਫ਼ਾ 'ਚ ਉਤਰਦੀ ਰਹੇਂਗੀ
ਮੈਂ ਤੇਰੀ ਵਫ਼ਾ 'ਚ ਤਰਦਾ ਰਹਾਂਗਾ

-0-

ਤੇਰੇ ਚੋਂ ਵਫ਼ਾ ਦਾ ਜਲ ਟੁਰਿਆ ਹੈ
ਮੇਰੇ ਚੋਂ ਜ਼ਫ਼ਾ ਦੀ ਅੱਗ ਟੁਰੀ ਹੈ
ਤੇਰੀ ਵਫ਼ਾ ਧਰਤੀ 'ਚ ਰਲੀ ਹੈ
ਮੇਰੀ ਜ਼ਫ਼ਾ ਅੰਬਰ 'ਚ ਘੁਲੀ ਹੈ ।

------

# ਮ੍ਰਿਗ ਤ੍ਰਿਸ਼ਨਾ

ਜੇ ਮੇਰੇ ਵਸ ਹੋਵੇ ਮੈਂ ਖਿੱੜਿਆ ਫਿਰਾਂ
ਮਹਿਕਾਂ ਫੁੱਲਾਂ ਰੰਗਾਂ ਕਲੀਆਂ ਦੀ ਤਰ੍ਹਾਂ
ਵਜ਼ਦ 'ਚ ਰਹਾਂ ਰੂਹ ਦੀ ਤਰ੍ਹਾਂ
ਕੋਇਲ ਦੇ ਕੰਠ 'ਚ ਜੀਵਾਂ
ਪੰਛੀਆਂ ਦਾ ਪ੍ਰਵਾਜ਼ ਹੰਢਾਵਾਂ
ਬੂਰ ਬਣ ਰੁੱਖਾਂ ਨੂੰ ਪੈ ਜਾਵਾਂ

-0-

ਪੌਣਾਂ ਦੇ ਸੰਗ ਖੇਡਾਂ
ਮੌਸਮਾਂ ਨੂੰ ਗਲ ਨਾਲ ਲਾਵਾਂ
ਮੈਂ ਰਾਗ ਰੰਗ ਰਾਗਨੀਆਂ ਦੀ
ਰੂਹ 'ਚ ਉਤਰਾਂ
ਉਤਾਰ ਕੇ ਦੇਹ ਤੋਂ ਪਿੰਡਾ
ਆਪਣੇ ਸੱਚ ਨਾਲ ਉੱਡ ਜਾਵਾਂ
ਜੇ ਮੇਰੇ ਵਸ ਹੋਵੇ
ਮੈਂ ਨਾ ਕਦੀ ਵੀ ਪਰਤਕੇ ਆਵਾਂ

-0-

ਬਣਕੇ ਪੰਛੀ
ਅੰਬਰ 'ਚ ਤਾਰੀਆਂ ਲਾਵਾਂ
ਮੋਰ ਦਾ ਨਾਚ ਹੋ ਜਾਵਾਂ
ਜੰਗਲ ਦੀ ਛਾਂ ਹੋ ਜਾਵਾਂ
ਬਣਕੇ ਬੁਲ੍ਹਾ ਹਵਾ ਦਾ
ਸਮੁੰਦਰ ਤੇ ਤਰਦਾ ਰਹਾਂ
ਬਣਕੇ ਗੜ੍ਹ ਬੱਦਲਾਂ ਦਾ
ਪਹਾੜੀ ਵਾਦੀਆਂ ਤੇ ਸ਼ਹਿਰਾਂ ਤੇ
ਵਰ੍ਹਦਾ ਰਹਾਂ

ਕਦੀ ਹਨ੍ਹੇਰੀ ਕਦੀ ਝੱਖੜ
ਕਦੀ ਤੁਫ਼ਾਨ ਹੋ ਜਾਵਾਂ
ਕਦੀ ਮਹਿਕ ਧਰਤੀ ਦੀ
ਕਦੀ ਅਸਮਾਨ ਹੋ ਜਾਵਾਂ
ਜੇ ਮੇਰੇ ਵਸ 'ਚ ਹੋਵੇ
ਮੈਂ ਦੇਹ ਦਾ ਤੋੜ ਕੇ ਪਿੰਜਰਾ
ਅਜ਼ਾਦ ਹੋ ਜਾਵਾਂ
ਬੀਜ ਚੋਂ ਰੁੱਖ
ਰੁੱਖ 'ਚ ਬਹਾਰਾਂ ਮੌਸਮਾਂ ਤੇ
ਰੁੱਤਾਂ ਵਾਂਗ ਅਬਾਦ ਹੋ ਜਾਵਾਂ

-0-

ਮੈਂ ਸੌਂ ਜਾਂ ਪੌਣਾਂ 'ਚ
ਸਦਾ ਲਈ ਸ਼ਾਦ ਹੋ ਜਾਵਾਂ
ਕੁਦਰਤ ਦਾ ਨਾਦ ਹੋ ਜਾਵਾਂ
ਮੈਂ ਆਪਣੇ ਆਪ 'ਚ
ਸਾਰੇ ਦਾ ਸਾਰਾ ਡੁੱਲ੍ਹ ਜਾਵਾਂ
ਅੰਬਰ ਤੇ ਤਾਰਿਆਂ ਵਾਂਗ ਖਿੱਲਰ ਜਾਵਾਂ
ਧਰਤੀ ਚੋਂ
ਬਣਕੇ ਪ੍ਰਕਿਰਤੀ ਉੱਗ ਆਵਾਂ
ਮੈਂ ਪ੍ਰਕਿਰਤੀ ਦੀ ਹਰਿਆਵਲ ਹੋ ਜਾਵਾਂ
ਜੇ ਮੇਰੇ ਵਸ 'ਚ ਹੋਵੇ
ਚੁੱਪ ਦਾ ਸ਼ੋਰ ਹੋ ਜਾਵਾਂ ਮੌਸਮਾਂ
ਦਾ ਬੋਲ ਹੋ ਜਾਵਾਂ

-0-

ਪਰ ਜੋ ਵਸੋਂ ਬਾਹਰ ਹੈ
ਉਹ ਮੇਰੇ ਬਿੰਦੂ ਦਾ ਅਕਾਰ ਹੈ
ਉਸ ਤੋਂ ਵਧ ਨਹੀਂ ਕੁੱਝ ਹੋਰ
ਉਹ ਅਜ਼ਾਦ ਮੌਸਮਾਂ ਦੀ ਬਹਾਰ ਹੈ

ਜਿਹਦੇ ਸਦਕਾ ਸਾਗਰ ਥਲ ਜਿਉਂਦੇ ਹਨ
ਜੰਗਲ ਸਿਰਾਂ ਤੇ ਸੂਰਜ ਹੰਢਾਉਂਦੇ ਹਨ
ਜਲ ਪਿਆਸੇ ਹਨ
ਹਾਸੇ ਜ਼ਖ਼ਮਾਂ ਦੀਆਂ ਪੀੜਾਂ ਜਿਉਂਦੇ ਹਨ
ਅੱਗ ਦੇ ਰੁੱਖਾਂ ਤੇ
ਹਰਿਆਵਲ ਦੇ ਪਰਿੰਦੇ ਬਹਿੰਦੇ ਹਨ

-0-

ਸਾਗਰ
ਆਪਣੇ ਸੀਨੇ 'ਚ ਅੱਗ ਉਤਾਰਦਾ ਹੈ
ਬੱਦਲ ਪੱਥਰ ਤੇ ਵਰ੍ਹਦੇ ਹਨ
ਦੇਹ ਦੇ ਚੁੱਲ੍ਹੇ 'ਚ
ਮਨੁੱਖ ਦੇ ਆਪਣੇ ਹੀ ਹੱਡ ਸੜਦੇ ਹਨ
ਇਹ ਸਭ ਕੁੱਝ ਵੱਸੋਂ ਬਾਹਰ ਹੈ
ਮੇਰੇ ਵਸ ਦੇ ਬਿੰਦੂ ਦਾ ਅਕਾਰ ਹੈ
ਰੁੱਖ ਟੁਰ ਨਹੀਂ ਸਕਦੇ
ਪਹਾੜ ਪੜੋਤ ਦੇ ਮਾਰੇ ਹਨ
ਪੱਥਰ ਗਤੀਹੀਣ ਹਨ
ਮੰਜ਼ਲਾਂ ਟੁਰ ਨਹੀਂ ਸਕਦੀਆਂ
ਰਾਹਾਂ ਦੇ ਸਹਾਰੇ ਹਨ

-0-

ਕੌਣ
ਕੋਰਿਆਂ 'ਚ ਸਾਰੀ ਰਾਤ ਭਿੱਜਦਾ ਹੈ
ਰੁੱਖ ਜੰਗਲ ਸਭ ਇਸ ਜੂਨ ਦੇ ਮਾਰੇ ਹਨ
ਧਰਤੀ ਆਪਣੇ ਬਾਬਲ
ਅਸਮਾਨ ਨੂੰ ਮਿਲਣ ਲਈ ਤੜਪਦੀ ਹੈ
ਅੱਥਰੂ ਬ਼ਾਬਲ ਦੇ ਅੰਬਰ ਦੇ ਤਾਰੇ ਹਨ
ਜਨਮ ਤੋਂ ਮਰਨ ਤਕ ਵਿਛੜੇ ਰਹਿੰਦੇ ਹਨ
ਜੋ ਨਦੀਆਂ ਦਰਿਆਵਾਂ ਸਾਗਰਾਂ ਦੇ ਕਿਨਾਰੇ
ਹਨ

ਪਰ ਇਹ ਵਸ 'ਚ ਨਹੀਂ ਵਸੋਂ ਬਾਹਰ ਹੈ
ਜੋ ਮੇਰੇ ਵਸ ਦੇ ਬਿੰਦੂ ਦਾ ਅਕਾਰ ਹੈ

–0–

ਮੇਰੇ ਵਸ ਹੋਵੇ
ਮੈਂ ਅੰਬਰ ਦੀ ਪੰਡ ਬੰਨ ਲਵਾਂ
ਧਰਤੀ ਮੁੱਠ 'ਚ ਫੜ ਲਵਾਂ
ਚੰਨ ਤਾਰੇ ਸੂਰਜ ਬ੍ਰਹਿਮੰਡ ਸਾਰੇ
ਨੈਣਾਂ 'ਚ ਪਾ ਲਵਾਂ
ਆਪਣੇ ਦਿਲ ਦੀ ਦੁਨੀਆਂ ਵਸਾ ਲਵਾਂ
ਜਿਹਦਾ ਸਿਰਜਕ ਵੀ ਮੈਂ ਹੋਵਾਂ
ਕਰਤਾ ਵੀ ਮੈਂ ਹੋਵਾਂ
ਮੇਰੀ ਜ਼ੁਬਾਨ ਹੋਵੇ ਮੇਰੀ ਨਿਗਾਹ ਹੋਵੇ
ਮੇਰਾ ਆਪਣਾ ਚਿਹਰਾ ਹੀ ਅਥਾਹ ਹੋਵੇ
ਮੈਂ ਆਪਣੇ ਆਪ 'ਚ ਸੁੰਘੜਾਂ
ਮੈਂ ਆਪਣੇ ਬੀਜ ਚੋਂ
ਆਪਣਾ ਹੀ ਰੁੱਖ ਹੋ ਪੁੰਗਰਾਂ
ਮੇਰੇ ਅੰਦਰ ਬਾਹਰ ਸੁਤੰਤਰਤਾ ਹੋਵੇ
ਮੇਰੀ ਸੁਤੰਤਰਤਾ 'ਚ ਹੀ
ਬ੍ਰਹਿਮੰਡ ਦੀ ਗਣਤੰਤਰਤਾ ਹੋਵੇ

–0–

ਮੈਂ ਕਿਉਂ ਨਾ ਵਸੋਂ ਬਾਹਰ ਦਾ ਸੱਚ
ਆਪਣੇ 'ਚ ਉਤਾਰ ਲਾਂ
ਵਸੋਂ ਬਾਹਰ ਦਾ ਸੱਚ
ਆਪਣੇ ਬਿੰਦੂ 'ਚ ਢਾਲ ਲਾਂ

–0–

ਮੈਂ
ਆਪਣੀ ਦੇਹ 'ਚ ਉਤਰਿਆ
ਬੈਠਾ ਤੇ ਵਿਚਾਰਿਆ
ਮਸਤਕ ਦਾ ਦੀਵਾ ਬਾਲਿਆ
ਤੀਸਰੀ ਅੱਖ ਖੁੱਲ੍ਹੀ ਤੇ ਜਾਣਿਆ
ਮੇਰੇ ਤੇ ਵਸ 'ਚ ਕੁੱਝ ਵੀ ਨਹੀਂ
ਮੇਰਾ ਤਾਂ ਆਪਣਾ ਆਪ ਵੀ
ਵਸੋਂ ਬਾਹਰ ਹੈ
ਮੇਰੇ ਤਾਂ ਸਾਹ ਵੀ ਆਪਣੇ ਨਹੀਂ
ਮੇਰੇ ਤੇ ਵਸ 'ਚ ਪੈਰ ਪੁੱਟਣ ਤਕ ਵੀ ਨਹੀਂ
ਮੇਰਾ ਆਪਣਾ ਲਹੂ
ਮੇਰੇ ਦਿਲ ਦੀ ਧੜਕਣ ਮੇਰੇ ਵਸ 'ਚ ਨਹੀਂ

-0-

ਇਹ ਜੋ ਕੁੱਝ ਵੀ ਹੈ ਵਸੋਂ ਬਾਹਰ ਹੈ
ਵਸ ਵਿਚ ਵੀ
ਵਸੋਂ ਬਾਹਰ ਪਸਾਰ ਦਾ ਸੱਚ ਹੈ
ਮੈਂ ਸਿਰਜਕ ਨਹੀਂ
ਸਿਰਜਣਾ ਹਾਂ
ਸਿਰਜਣਾ ਤਾਂ ਬੁੱਤ ਹੈ
ਬੁੱਤ ਤਰਾਸ਼ ਨਹੀਂ
ਸਿਰਜਣਾ 'ਚ ਬੁੱਤ ਤਰਾਸ਼ ਦੀ
ਚੇਤਨਾ ਦਾ ਸੱਚ ਨਹੀਂ

-0-

ਮੇਰੀ ਧੁੰਨੀ 'ਚ
ਨਾ ਕਸਤੂਰੀ ਮੇਰੀ ਹੈ
ਨਾ ਆਪਣੇ ਆਪ 'ਚ ਰਹਿਣਾ
ਹੀ ਵਸ ਹੈ ਮੇਰੇ
ਨਾ ਆਪਣੇ ਆਪ ਤੋਂ ਦੂਰੀ ਹੀ
ਵਸ ਹੈ ਮੇਰੇ

ਮੇਰਾ ਸੱਚ ਮੇਰਾ ਕੂੜ
ਮੇਰਾ ਪੁੰਨ ਮੇਰਾ ਪਾਪ
ਮੇਰੀ ਦੇਹ ਦੀ ਕਾਰਜ ਪ੍ਰਣਾਲੀ
ਮੇਰਾ ਬੈਠਣਾ ਉੱਠਣਾ
ਮੇਰਾ ਜਾਗਣਾ ਸੌਣਾਂ
ਸਭ ਕੁੱਝ ਹੀ ਵੱਸੋਂ ਬਾਹਰ ਹੈ
ਮੇਰਾ ਕਲਬੂਤ ਵੀ ਮੇਰਾ ਨਹੀਂ
ਮੇਰੀ ਰੂਹ ਵੀ ਮੇਰੀ ਨਹੀਂ
ਮੈਂ ਖ਼ਾਲੀ ਹੱਥ ਆਇਆ ਹਾਂ
ਮੈਂ ਖ਼ਾਲੀ ਹੱਥ ਜਾਣਾ ਹੈ
ਵਸੋਂ ਬਾਹਰ ਮੇਰਾ ਸਫ਼ਰ ਹੈ
ਵਸੋਂ ਬਾਹਰ ਮੇਰਾ ਟਿਕਾਣਾ ਹੈ
ਭਾਣਾ ਮੰਨਣਾ ਹੀ ਮੇਰੇ ਵਸ 'ਚ ਹੈ
ਵਸੋਂ ਬਾਹਰ ਮੇਰਾ ਭਾਣਾ ਹੈ ।

------

# ਮਕਬਰਿਆਂ ਦਾ ਸ਼ਹਿਰ

ਤੇਰੀ ਛਾਂ ਬਿਨਾਂ
ਉਹ ਕੰਧਾਂ ਦੇ ਸਾਇਆਂ ਹੇਠ ਸੌਂਦਾ ਰਿਹਾ
ਚੁੱਕ ਕੇ ਆਪਣੀ ਲਾਸ਼ ਮੋਢਿਆਂ ਤੇ
ਤੇਰੇ ਸ਼ਹਿਰ ਦੀਆਂ ਸੜਕਾਂ
ਤੇ ਗਲੀਆਂ 'ਚ ਭੌਂਦਾ ਰਿਹਾ

-0-

ਮੇਰੇ ਸ਼ਹਿਰ ਦੀਆਂ ਗਲੀਆਂ
ਪਹਿਚਾਣੀਆਂ
ਸੜਕਾਂ ਤੇ ਚੌਂਕਾਂ ਨੇ ਉਸਦਾ ਹਾਲ ਪੁੱਛਿਆ
ਉਹ ਉੱਚੀਆਂ ਇਮਾਰਤਾਂ ਹੇਠਾਂ ਆ ਗਿਆ
ਇਨਸਾਨ ਨੂੰ ਇਨਸਾਨ ਦਾ
ਸਾਇਆ ਹੀ ਖਾ ਗਿਆ
ਸ਼ਹਿਰ ਦੇ ਲੋਕਾਂ ਉਸਦੀ ਪਹਿਚਾਣ ਤੋਂ
ਇਨਕਾਰ ਕਰ ਦਿੱਤਾ
ਅਜ਼ਨਬੀ ਹੋਣ ਦਾ ਇਲਜ਼ਾਮ ਧਰ ਦਿੱਤਾ
ਲੋਕ ਜਿਉਂਦੇ ਮੁਰਦੇ ਤੋਂ ਮੂੰਹ ਫੇਰ ਗਏ
ਤੇ ਉਸਦੀ ਪਹਿਚਾਣ ਦੇ ਰਾਹਾਂ 'ਚ
ਕੰਡੇ ਖਲੇਰ ਗਏ

-0-

ਉਹ
ਆਪਣੇ ਪਿਆਰ ਦੀ ਦੁਹਾਈ ਦਿੰਦਾ
ਇੱਕ ਬੁੱਢੇ ਰੁੱਖ ਹੇਠ ਆ ਬੈਠਾ
ਰੁੱਖ ਨੂੰ
ਆਪਣੇ ਇਸ਼ਕ ਦਾ ਨਗਮਾ ਸੁਣਾ ਬੈਠਾ

ਰੁੱਖ ਦੀਆਂ ਅੱਖਾਂ 'ਚ
ਅੱਥਰੂ ਭਰ ਆਏ
ਰੁੱਖ ਦੇ ਪੱਤਿਆਂ ਤੇ
ਉਸਦੀ ਬੁਲ ਬੁਲ ਦੇ ਨਖਸ਼ ਉੱਭਰ ਆਏ
ਜ਼ਿਸਦੇ ਪਰ ਕੱਟ ਕੇ
ਸ਼ਹਿਰ ਨੇ ਜਲਾਂ ਦਿੱਤੇ
ਤੇ ਜਿਸਦੇ ਪਿੰਜਰੇ ਦੁਆਲੇ ਸ਼ਹਿਰ ਨੇ
ਪਹਿਰੇ ਬਿਠਾ ਦਿੱਤੇ
ਬੁਲ ਬੁਲ ਖੰਭਾ ਰਹਿਤ
ਪਿੰਜਰੇ 'ਚ ਤੜਪਦੀ ਹੀ ਮਰ ਗਈ
ਸ਼ਹਿਰ ਸਿਰ
ਆਪਣੇ ਕਤਲ ਦਾ ਇਲਜ਼ਾਮ ਧਰ ਗਈ

-0-

ਅੱਜ ਵੀ ਸ਼ਹਿਰੋ ਬਾਹਰ
ਬੁਲ ਬੁਲ ਦੇ ਮਕਬਰੇ ਤੇ ਇੱਕ
ਗੁਲ ਆਉਂਦਾ ਹੈ
ਬੁਲ ਬੁਲ ਨੂੰ ਮਕਬਰੇ ਚੋਂ ਉਠਾਉਂਦਾ ਹੈ
ਤੇ ਮੇਰੀਆਂ ਟਹਿਣੀਆਂ ਤੇ
ਲਿਆ ਬਿਠਾਉਂਦਾ ਹੈ
ਕੁਆਰੇ ਇਸ਼ਕ ਦੇ ਪਹਿਲੇ ਪਿਆਰ ਦੇ
ਗੀਤ ਗਾਉਂਦਾ ਹੈ :

*"ਸ਼ਹਿਰ ਨੇ ਆਪਣੇ ਸਾਂਵੇ*
*ਇਕ ਬੁਲਬੁਲ ਮਾਰੀ ਹੈ*
*ਸ਼ਹਿਰ ਦੀ ਹਰ ਇੱਟ ਨੇ ਬੁਲਬੁਲ*
*ਦੀ ਹੋਂਦ ਧਾਰੀ ਹੈ"*

-0-

ਹਰ ਰੋਜ਼
ਇਕ ਬੁਲਬੁਲ ਦਾ ਮਕਬਰਾ ਬਣਦਾ ਹੈ
ਸ਼ਹਿਰ ਆਪਣੀ ਅੱਗ 'ਚ ਸੜਦਾ ਹੈ

ਮਕਬਰਿਆਂ 'ਚ ਮਕਬਰੇ ਧਰਦਾ ਹੈ
ਮਕਬਰਿਆਂ ਦੇ ਦਾਇਰੇ 'ਚ
ਸ਼ਹਿਰ ਸਿਫਰਾ ਹੋ ਜਾਏਗਾ
ਸ਼ਹਿਰ ਦੀ ਹੋਂਦ ਮਿਟ ਜਾਏਗੀ
ਸ਼ਹਿਰ ਬੁਲਬੁਲ ਦੇ ਮਕਬਰਿਆਂ
ਦਾ ਸ਼ਹਿਰ ਕਹਾਏਗਾ

-0-

ਰੁੱਖ ਤੋਂ ਸੁਣ ਕੇ ਕਹਾਣੀ
ਉਹ ਰੁੱਖ ਹੇਠ ਹੀ ਸੌਂ ਗਿਆ
ਬੁਲਬੁਲ ਦੇ ਮਕਬਰੇ ਦਾ ਅੰਗ ਹੋ ਗਿਆ
ਸ਼ਹਿਰ 'ਚ ਹਨ੍ਹੇਰਾ ਕਰ ਗਿਆ
ਚੁੱਪ ਧਰ ਗਿਆ
ਸ਼ਹਿਰ ਨੂੰ ਇਕ ਬੁਲਬੁਲ ਦਾ ਕਤਲ
ਉਹ ਮਾਫ਼ ਕਰ ਗਿਆ
ਸ਼ਹਿਰ ਦੇ ਲੋਕਾਂ ਨੂੰ ਵੱਸਣ ਦਾ ਵਰ
ਦੇ ਗਿਆ
ਮਕਬਰਿਆਂ ਦੇ ਮੱਥੇ ਉਜੜਣ ਦਾ
ਸਰਾਪ ਧਰ ਗਿਆ

-0-

ਤੇਰੀ ਛਾਂ ਬਿਨਾਂ
ਉਹ ਕੰਧਾਂ ਦੇ ਸਾਇਆਂ ਹੇਠ ਸੌਂਦਾ ਸੀ
ਚੁੱਕ ਕੇ ਲਾਸ਼ ਆਪਣੀ ਮੋਢਿਆਂ ਤੇ
ਤੇ ਸ਼ਹਿਰ ਦੀਆਂ ਸੜਕਾਂ ਤੇ
ਗਲੀਆਂ 'ਚ ਭੌਂਦਾ ਸੀ ।

------

## ਭਾਲ

ਮੈਂ ਜਦੋਂ ਦਾ ਤੇਰੀ ਨਜ਼ਰ ਚੋਂ ਹਟ ਗਿਆ
ਤੂੰ ਸਮਝੀ ਮੇਰੇ ਸਿਰ ਤੇ ਅਸਮਾਨ
ਫੱਟ ਗਿਆ
ਪੈਰਾਂ ਚੋਂ ਧਰਤ ਨਿਕਲ ਗਈ
ਮੈਂ ਉਥੇ ਵੀ ਨਹੀਂ ਹੋਣਾ
ਜਿੱਥੇ ਵੀ ਤੇਰੀ ਨਜ਼ਰ ਗਈ

–0–

ਤੂੰ ਭਾਲੇਂਗੀ
ਕਲੀਆਂ ਫੁੱਲਾਂ ਤੇ ਬਹਾਰਾਂ 'ਚ
ਪੌਣਾਂ ਦੇ ਹਾਸਿਆਂ 'ਚ
ਖੁਸ਼ਬੂਆਂ ਦੇ ਦਿਲ ਦੇ ਦਾਗਾਂ 'ਚ
ਸਾਜ਼ਾਂ ਰਾਗ਼ਨੀਆਂ ਤੇ ਰਾਗਾਂ 'ਚ
ਮੌਸਮਾਂ ਬਾਰਸ਼ਾਂ ਤੇ ਆਬਸ਼ਾਰਾਂ 'ਚ
ਮੇਰੇ ਬਦਨ ਦਾ
ਅਕਾਸ਼ ਅਕਾਸ਼ 'ਚ ਹਵਾ ਹਵਾ 'ਚ ਅੱਗਣ
ਅੱਗਣ 'ਚ ਜਲ ਜਲ 'ਚ ਧਰਤੀ ਧਰਤੀ
'ਚ ਘੁੱਲ ਜਾਏਗੀ
ਮੇਰੀ ਸ਼ਨਾਖ਼ਤ ਮਿਟ ਜਾਏਗੀ
ਤੇਰੀਆਂ ਨਜ਼ਰਾਂ ਨੂੰ
ਮੇਰੀ ਸੂਰਤ
ਕਿਤੇ ਵੀ ਨਜ਼ਰ ਨਹੀਂ ਆਏਗੀ

–0–

ਮੈਂ
ਜ਼ਿੰਦਗੀ ਚੋਂ ਹੀ ਨੁਚੜ ਜਾਵਾਂਗਾ
ਇਕੱਲਤਾ 'ਚ ਵਸਾਂਗਾ
ਚੁੱਪ 'ਚ ਉਤਰ ਜਾਵਾਂਗਾ

ਜਦ ਸਾਵਣ ਤੇਰੇ ਪਿੰਡੇ ਤੇ ਵਰ੍ਹੇਗਾ
ਤੂੰ ਆਪਣੀ ਅੱਗ ਬੁਝਾਵਣ ਲਈ
ਮੈਨੂੰ ਯਾਦ ਕਰੇਂਗੀ
ਮੈਂ ਤੇਰੇ ਨੈਣਾਂ ਦੇ ਅੱਥਰੂ ਬਣਕੇ
ਡੁੱਲ੍ਹ ਜਾਵਾਂਗਾ
ਤੂੰ ਆਪਣੀ ਅੱਗ 'ਚ ਉਬਲਦੀ ਰਹੇਂਗੀ
ਮੈਂ ਸਾਵਣ 'ਚ ਘੁੱਲ ਜਾਵਾਂਗਾ

-0-

ਹਨੇਰੀਆਂ ਰਾਤਾਂ
ਜਦ ਤੇਰੇ ਗਲ ਨੂੰ ਆਉਣਗੀਆਂ
ਜ਼ੁਲਫ਼ਾਂ ਦੇ ਨਾਗ ਸ਼ੂਕਣਗੇ
ਤੇਰੀ ਛਾਂ 'ਚ ਤੇਰਾ ਜਿਸਮ ਫੂਕਣਗੇ
ਜ਼ਖਮੀ ਪਰਛਾਵਿਆਂ ਨੂੰ ਫੜਦੀ ਰਹੇਂਗੀ
ਤੇਰੇ ਹਾਉਕਿਆਂ 'ਚ ਜਦ
ਤੇਰਾ ਕਲੇਜਾ ਡੁੱਬੇਗਾ
ਨੈਣ ਹੰਝੂਆਂ 'ਚ ਭਿੱਜ ਜਾਣਗੇ
ਨੀਂਦਾਂ ਚੋਂ ਉਠ੍ਹ ਉਠ ਕੇ ਨੱਸੇਂਗੀ
ਮੇਰੇ ਗੁਆਚੇ ਸਾਇਆਂ ਦੇ
ਪਿੱਛੇ ਭੱਜੇਂਗੀ
ਤੂੰ ਮੈਨੂੰ ਭਾਲੇਂਗੀ ਆਪਣਾ ਲਹੂ ਉਬਾਲੇਂਗੀ

-0-

ਢੂੰਡੇਂਗੀ ਮੈਨੂੰ
ਦਰਿਆਵਾਂ ਨਦੀਆਂ ਸਾਗਰਾਂ ਪਹਾੜਾਂ ਤੇ
ਜੰਗਲਾਂ 'ਚ
ਸ਼ਹਿਰਾਂ ਦੀਆਂ ਭੀੜਾਂ 'ਚ
ਥੇਹਾਂ ਤੇ ਖੰਡਰਾਂ 'ਚ

ਕਬਰਾਂ ਸ਼ਮਸ਼ਾਨਾਂ 'ਚ
ਧਰਤੀ ਅਸਮਾਨਾਂ 'ਚ
ਤੂੰ ਚੱਪਾ ਚੱਪਾ ਧਰਤੀ ਛਾਣ ਮਾਰੇਂਗੀ
ਅੰਬਰ ਦੀਆਂ ਪਰਤਾਂ ਉਤਾਰੇਂਗੀ
ਮੈਂ ਤੈਨੂੰ ਨਜ਼ਰ ਨ੍ਹੀਂ ਆਵਾਂਗਾ
ਤੈਥੋਂ ਦੂਰ ਦੂਰ ਟੁਰ ਜਾਵਾਂਗਾ
ਜਿੱਥੇ ਮੇਰੇ ਸਿਵਾ ਹੋਰ ਕੋਈ ਨਾ ਹੋਵੇ
ਰੌਣਕਾਂ ਉਦਾਸੀਆਂ ਚੁੱਪ ਇਕੱਲਤਾ
ਸ਼ੋਰ ਕੋਈ ਨਾ ਹੋਵੇ

-0-

ਨਾ ਬਾਗਾਂ ਦੀ ਕੋਇਲ
ਨਾ ਨੱਚਦਾ ਮੋਰ ਹੀ ਹੋਵੇ
ਮੈਂ ਹੋਵਾਂ ਮੇਰੀ ਉਦਾਸੀ ਮੇਰੀ ਚੁੱਪ ਹੋਵੇ
ਨਾ ਸੂਰਜ ਦੀ ਕਿਰਨ
ਨਾ ਚਾਂਦਨੀ ਹੋਵੇ
ਮੇਰੀਆਂ ਪੀੜਾਂ ਮੇਰਾ ਗ਼ਮ ਹੀ
ਬਸ ਮੇਰੇ ਸੰਗ ਹੋਵੇ
ਸੀਤ ਪੌਣਾਂ ਅੱਗਣ ਦੀ ਰਾਖ ਹੋਵੇ
ਸਾਗਰ ਦੇ ਪਿੰਡੋਂ ਚੋਂ ਗੂੰਜਦੀ
ਸਹਿਰਾ ਦੀ ਅਵਾਜ਼ ਹੋਵੇ
ਨਾ ਤੇਰਾ ਹੁਸਨ ਹੋਵੇ ਨਾ
ਤੇਰਾ ਸ਼ਬਾਬ ਹੋਵੇ
ਅਜ਼ਨਬੀਪਣ ਹੋਵੇ
ਕਿਸੇ ਦੀ ਕੋਈ ਸਿਆਣ ਨਾ ਹੋਵੇ
ਇਨ੍ਸਾਨ ਹੋਵੇ ਪਰ ਇਨਸਾਨ ਨਾ ਹੋਵਣ
ਜੋ ਪਲ ਪਲ ਬਦਲਦੇ ਹਨ
ਉਹ ਇਮਾਨ ਨਾ ਹੋਵਣ
ਜੋ ਬੰਦੇ 'ਚ ਨਹੀਂ ਪੱਥਰਾਂ 'ਚ ਵਸਦੇ ਨੇ
ਉਹ ਭਗਵਾਨ ਨਾ ਹੋਵਣ

-0-

ਜਿੱਥੇ ਮੇਰਾ ਟਿਕਾਣਾ ਹੋਵੇ
ਉਥੇ ਕੁੱਝ ਵੀ ਤੋਂ ਸਿਵਾਏ ਕੁੱਝ ਵੀ ਨਾ ਹੋਵੇ
ਨਾ ਧਰਤ ਨਾ ਅਸਮਾਨ
ਨਾ ਦੇਹ ਨਾ ਪ੍ਰਾਣ ਹੋਵੇ
ਨਾ ਜ਼ਿੰਦਗੀ ਨਾ ਜਹਾਨ ਹੋਵੇ
ਨਾ ਤੇਰੇ ਹੁਸਨ ਦਾ ਸਮਾਨ ਹੋਵੇ
ਦੇਹ ਤੋਂ ਬਿਨਾਂ ਪ੍ਰਾਣ
ਤੇ ਵਸਤੂ ਸੰਸਾਰ ਤੋਂ ਬਿਨਾਂ
ਮੇਰਾ ਉਹ ਸਥਾਨ ਹੋਵੇ
ਮੇਰੀ ਹੋਂਦ ਦਾ ਸੱਚ ਜਿੱਥੇ ਬਰਾਜ਼ਮਾਨ ਹੋਵੇ
ਨੂਰੀ ਲੋਕ ਹੋਵਣ ਨੂਰੀ ਜਹਾਨ ਹੋਵੇ
ਨੂਰੀ ਹੁਸਨ ਨੂੰ
ਨੂਰੀ ਇਸ਼ਕ ਦਾ ਵਰਦਾਨ ਹੋਵੇ
ਨੂਰੀ ਧਰਤ ਨੂਰੀ ਅੰਸਮਾਨ ਹੋਵੇ

-0-

ਜਦੋਂ ਤੂੰ
ਮੈਨੂੰ ਭਾਲਦੀ ਭਾਲਦੀ ਆਪਣੇ ਆਪ 'ਚ
ਥੱਕ ਜਾਵੇਂਗੀ ਭੱਜ ਜਾਵੇਂਗੀ
ਆਪਣੀ ਦੇਹ ਦੇ ਹਨੇਰਿਆਂ 'ਚ
ਘਿਰ ਜਾਵੇਂਗੀ
ਆਪਣੀ ਨਜ਼ਰ ਚੋਂ ਤਿਲਕੇਂਗੀ
ਨਜ਼ਰ ਚੋਂ ਗਿਰ ਜਾਵੇਂਗੀ
ਹਨ੍ਹੇਰੀਆਂ ਰਾਤਾਂ ਚਮਕਦੀ ਬਿੱਜਲੀ
ਚੋਂਦੇ ਆਸਮਾਂ ਹੇਠਾਂ
ਮੇਰੀ ਭਾਲ 'ਚ
ਘਰੋਂ ਜਦ ਬਾਹਰ ਪੈਰ ਪੁੱਟੇਂਗੀ

ਤਾਂ ਆਪਣੀ ਦੇਹ ਦਾ ਦਰਵਾਜ਼ਾ ਖੋਲ੍ਹਕੇ
ਅੰਦਰ ਉਤਰ ਜਾਵੀਂ
ਦੇਹ ਦੇ ਪ੍ਰਾਣਾਂ ਦੀ ਮੁਥਾਜ਼ੀ ਤਿਆਗਕੇ
ਜੀਵੀਂ
ਆਪਣੇ ਮਸਤਕ ਚੋਂ ਸਿਮਦੇ ਚਾਨਣ ਦੇ
ਘੁੱਟ ਭਰੀਂ
ਆਪਣੀ ਦੇਹ 'ਚ ਟੁਰਦੇ ਨੂਰ ਨੂੰ ਪੀਵੀਂ
ਜਿੱਥੇ ਅੱਜ ਤਕ ਨਾ
ਤੇਰੀ ਸੋਚ ਅੱਪੜੀ ਹੈ ਨਾ ਨਜ਼ਰ ਅੱਪੜੀ ਹੈ
ਮੈਂ ਤੈਨੂੰ ਉੱਥੇ ਕਿਤੇ ਹੀ ਨਜ਼ਰ ਆਵਾਂਗਾ
ਅਕਾਸ਼ ਅੱਗ ਜਲ ਧਰਤੀ ਦੇ
ਮਿਸ਼ਰਨ ਦਾ ਵਜੂਦ ਵਿਖਾਵਾਂਗਾ
ਤੂੰ ਮੇਰੇ 'ਚ ਉਤਰ ਜਾਵੇਂਗੀ
ਮੈਂ ਤੇਰੇ 'ਚ ਉਤਰ ਜਾਵਾਂਗਾ
ਮੇਰੀ ਛੁੱਪਣ ਦੀ ਖੇਡ ਮੁੱਕੇਗੀ
ਲਹੂ ਮਾਸ ਦੀ ਦੁਨੀਆਂ ਸਾਡੇ ਚੋਂ ਨੁਚੜੇਗੀ
ਨੂਰ ਦੀ ਦੁਨੀਆਂ ਸਾਡੇ ਚੋਂ ਪੁੰਗਰ ਆਵੇਗੀ ।

------

## ਗਿਰਜਾਂ

ਤੇਰੀਆਂ ਨਜ਼ਰਾਂ 'ਚ ਆਉਣ ਤੋਂ ਪਿੱਛੋਂ
ਕਿਸੇ ਹੋਰ ਦੀਆਂ ਨਜ਼ਰਾਂ 'ਚ ਆਉਣ ਦੇ
ਕਾਬਲ ਨਹੀਂ ਸੀ ਉਹ
ਤੇਰੀਆਂ ਮਹਿਫ਼ਲਾਂ 'ਚ ਐਸਾ ਹੋ ਗਿਆ ਹਾਜ਼ਰ
ਕਿ ਕਿਸੇ ਹੋਰ ਮਹਿਫ਼ਲ 'ਚ ਹਾਜ਼ਰ ਨਹੀਂ ਸੀ ਉਹ

-0-

ਉਸਦੇ ਜਿਸਮ ਦੀ ਗਰਮੀ ਨਿਚੋੜਕੇ
ਉਸਦੇ ਹੱਡਾਂ ਦਾ ਤਾਅ ਸੇਕ ਕੇ
ਸ਼ਹਿਰ ਦੇ ਹਨ੍ਹੇਰੇ ਦੇ ਹਵਾਲੇ ਕਰ ਗਏ
ਉਸ ਦੇ ਜਿਸਮਾਂ 'ਚ ਸ਼ਮਸ਼ਾਨ ਬੀਜ ਗਏ
ਉਸਦੇ ਨੈਣਾਂ 'ਚ ਕਬਰਾਂ ਧਰ ਗਏ
ਪਰਤਿਆ ਨਾ ਮੁੜਕੇ ਨੈਣਾਂ ਦੀ ਨੀਂਦ ਚੋਂ
ਸੁਫ਼ਨੇ ਜੋ ਉਸਦੇ ਜਾਗਦੇ ਨੈਣਾਂ 'ਚ ਧਰ ਗਏ
ਪਰਿੰਦੇ ਜੋ ਭੀੜ ਦੇ ਸਨ
ਉਸਨੂੰ ਇਕੱਲਿਆਂ ਛੱਡ ਕੇ ਭੀੜਾਂ 'ਚ ਰਲ ਗਏ

-0-

ਆਖਦੇ ਨੇ
ਕੋਈ ਵੀ ਪੰਛੀ ਇਸ ਸ਼ਹਿਰ 'ਚ
ਬਾਹਰੋਂ ਜੇ ਆਉਂਦਾ
ਰੂਪ ਦੀਆਂ ਸੁੰਦਰ ਗਿਰਜਾਂ 'ਚ
ਘਿਰ ਜਾਂਦਾ
ਸਾਰੀ ਰਾਤ ਉਸਦਾ ਲਹੂ ਪੀਂਦੀਆਂ
ਮਾਸ ਨੋਚਦੀਆਂ ਗਿਰਜਾਂ
ਦਿਨੇ ਉਸਦਾ ਪਿੰਜਰ ਸੜਕ ਦੇ ਹਵਾਲੇ ਕਰਦੀਆਂ ਹਨ
ਆਪਣੇ ਮਹਿਕਦੇ ਹਰਿਆਉਲੇ ਘਰਾਂ 'ਚ ਪਰਤਦੀਆਂ ਹਨ

-0-

ਪੰਛੀ ਦੇ ਪਿੰਜਰੇ ਤੇ
ਸਾਉਣ ਦੀਆਂ ਕਣੀਆਂ ਪੈਂਦੀਆਂ
ਪਿੰਜਰੇ ਚੋਂ ਪੰਛੀ ਫਿਰ ਜਨਮਦਾ
ਰੁੱਖ ਤੇ ਆਪਣਾ ਆਲ੍ਹਣਾ ਬਣਾਉਂਦਾ
ਆਲ੍ਹਣੇ 'ਚ ਆਪਣੇ ਬੋਟ ਜਨਮਦਾ
ਪਾਲਦਾ ਪੋਸਦਾ ਵੱਡੇ ਕਰਦਾ
ਪੰਛੀ ਹੁਣ ਸ਼ਹਿਰ ਦਾ ਬਸ਼ਿੰਦਾ ਕਹਾਉਂਦਾ ਹੈ
ਗਿਰਜਾਂ ਸ਼ਹਿਰੀ ਬਸ਼ਿੰਦੇ ਦਾ ਮਾਸ ਨਹੀਂ
ਨੋਚਦੀਆਂ.
ਕਿਉਂਕਿ ਸ਼ਹਿਰ ਦੇ ਪੰਛੀ ਉਸਨੂੰ ਜਾਣਦੇ ਹਨ
ਪਹਿਚਾਣਦੇ ਹਨ

-0-

ਸਮਾਂ ਬੀਤਦਾ ਹੈ
ਪੰਛੀ ਆਪਣੇ ਬੋਟਾਂ ਦੀਆਂ ਡਾਰਾਂ ਬਣਾਉਂਦਾ ਹੈ
ਉਨ੍ਹਾਂ ਨੂੰ ਸ਼ਹਿਰ ਦਾ ਸੱਚ ਸਮਝਾਉਂਦਾ ਹੈ
ਰੂਪ ਦੀਆਂ ਸੁੰਦਰ ਗਿਰਜਾਂ ਦਾ
ਕਾਲਾ ਦਿਲ ਦਿਖਾਉਂਦਾ ਹੈ
ਆਪਣੀ ਬੀਤੀ ਜਵਾਨੀ ਬੱਚਿਆਂ ਨੂੰ
ਸੁਣਾਉਂਦਾ ਹੈ
ਪੰਛੀ ਆਪਣੇ ਬੱਚੇ ਆਲ੍ਹਣੇ 'ਚ ਜੁਆਨ ਕਰਦਾ ਹੈ
ਸ਼ਹਿਰ ਦੀਆਂ ਗਿਰਜਾਂ ਲਈ
ਬਾਹਰੋਂ ਆਏ ਪੰਛੀ ਦਾ ਭਰਮ ਪਾਲਦਾ ਹੈ

-0-

ਪੰਛੀ ਸ਼ਹਿਰ ਦੀ
ਇਕੱਲੀ ਇਕੱਲੀ ਗਿਰਜ ਨੂੰ

ਆਪਣੇ ਆਲ੍ਹਣੇ 'ਚ ਬੁਲਾਉਂਦਾ ਹੈ
ਜਦ ਰਾਤ ਹੁੰਦੀ ਹੈ
ਤਾਂ ਪੰਛੀਆਂ ਦੀ ਡਾਰ ਆਲ੍ਹਣੇ ਕੋਲ
ਆਣ ਬਹਿੰਦੀ ਹੈ
ਇਕੱਲੀ ਗਿਰਜ ਨੂੰ ਘੇਰ ਲੈਂਦੀ ਹੈ
ਗਿਰਜ ਦਾ ਪਿੰਡਾ ਨੋਚਦੀ ਹੈ
ਉਧੇੜਦੀ ਹੈ
ਗਿਰਜ ਦਾ ਕਾਲਾ ਦਿਲ
ਚੌਂਕ 'ਚ ਟੰਗ ਦਿੰਦੀ ਹੈ
ਡਾਰ ਪੰਛੀਆਂ ਦੀ ਲਹੂ ਸੰਗ
ਸਾਰਾ ਸ਼ਹਿਰ ਰੰਗ ਦਿੰਦੀ ਹੈ

-0-

ਸ਼ਹਿਰ ਜੋ
ਗਿਰਜਾਂ ਦੀ ਸੁੰਦਰਤਾ ਦਾ ਕਾਇਲ ਸੀ
ਸੁੰਦਰਤਾ ਦੇ ਓਹਲੇ
ਹੁਣ ਗਿਰਜਾਂ ਦੇ ਕਾਲੇ ਦਿਲ ਨੂੰ
ਪਹਿਚਾਣਦਾ ਸੀ
ਸ਼ਹਿਰ ਹੁਣ ਆਪਣੇ ਆਪ ਚੋਂ
ਗਿਰਜਾਂ ਮੱਨਫ਼ੀ ਕਰਨਾ ਚਾਹੁੰਦਾ ਸੀ
ਜਾਂ
ਗਿਰਜਾਂ ਚੋਂ ਆਪ ਮੱਨਫ਼ੀ ਹੋਣਾ ਚਾਹੁੰਦਾ ਸੀ ।

------

# ਰਾਜਾ ਰੰਕ

ਉਹ ਰਾਜਾ ਵੀ ਸੀ ਰੰਕ ਵੀ ਸੀ
ਰਾਜੇ 'ਚ ਉਹ ਰੰਕ ਦੀ ਤਾਸੀਰ ਸੀ
ਰੰਕ 'ਚ ਉਹ ਰਾਜੇ ਦੀ ਜ਼ਮੀਰ ਸੀ
ਅੰਨ੍ਹ ਦੇ ਦਾਣੇ ਲਈ
ਉਹ ਆਪ਼ਾ ਵਾਰ ਦਿੰਦਾ ਸੀ
ਕਣਕ ਦੇ ਖੇਤਾਂ 'ਚ ਬੀਜ ਵਾਂਗ
ਆਪਾ ਖਿਲਾਰ ਦਿੰਦਾ ਸੀ
ਤਖ਼ਤ ਤੋਂ ਉਹ ਆਪਣੇ ਆਪ ਨੂੰ
ਮਿੱਟੀ 'ਚ ਉਤਾਰ ਦਿੰਦਾ ਸੀ

-0-

ਮਿੱਟੀ ਚੋਂ ਅਨਾਜ ਬਣਕੇ ਉੱਗਦਾ
ਆਪਣੇ ਮੂੰਹ ਤੇ ਪਰਜਾ ਦੇ ਦੰਦਾਂ ਨੂੰ ਲੱਗਦਾ
ਉਹ ਪਰਜਾ ਦੇ ਪਿੰਡੇ ਦਾ ਪ੍ਰਾਣ ਸੀ
ਉਸ ਦੀਂ ਪਰਜਾ 'ਚ ਜਾਨ ਸੀ
ਉਹ ਸਰਹੱਦ ਤੇ ਸਿਪਾਹੀ ਸੀ
ਖੇਤਾਂ 'ਚ ਕਿਸਾਨ ਸੀ
ਉਹ ਚੌਂਕਾਂ ਚੌਰਾਹਿਆਂ 'ਚ
ਰਾਤੀਂ ਨੰਗੇ ਸੁੱਤੇ ਸੁਫ਼ਨਿਆਂ ਦੀ ਪਹਿਚਾਣ ਸੀ

-0-

ਉਹ ਸਾਰੀ ਰਾਤ
ਨਗਰੀ ਦੀਆਂ ਗਲੀਆਂ 'ਚ ਭੌਂਦਾ
ਪਰਜਾ ਦੇ ਦੁੱਖਾਂ ਸੁੱਖਾਂ ਨੂੰ ਜਿਉਂਦਾ

ਪਰਜਾ ਦੇ ਅੱਥਰੂ ਪੂੰਝਦਾ
ਪਰਜਾ ਦੇ ਜ਼ਖ਼ਮ ਸੀਂਦਾ
ਉਹਦਾ ਵਜ਼ੂਦ ਪਰਜਾ ਸੀ
ਉਹ ਪਰਜਾ ਦਾ ਦਿਲ ਕਹਾਉਂਦਾ ਸੀ

-0-

ਉਹ ਹਰ ਧਰਮ ਹਰ ਜਾਤ ਦਾ ਲਹੂ ਸੀ
ਉਹ ਜਲ ਵਾਂਗ ਸਭ ਦਾ ਸਾਂਝਾ ਸੀ
ਉਹ ਸਭ ਲਈ ਸੂਰਜ ਵਾਂਗ ਚੜ੍ਹਦਾ
ਪੌਣਾਂ ਵਾਂਗ ਵਗਦਾ
ਉਹ ਧਰਤੀ ਦਾ ਬਿਸਤਰ ਸੀ
ਅੰਬਰ ਦਾ ਸ਼ਾਹਮਿਆਨਾ ਸੀ
ਉਹ ਲੋਕਾਂ ਦਾ ਵਕਤ ਸੀ
ਲੋਕਾਂ ਦਾ ਜ਼ਮਾਨਾ ਸੀ

-0-

ਉਹ ਪੀਰਾਂ ਫ਼ਕੀਰਾਂ ਦੀਆਂ ਸਮਾਧਾਂ ਤੇ
ਕਬਰਾਂ ਦਾ ਰਖਵਾਲਾ ਸੀ
ਉਹ ਗੋਕਲ ਦੀਆਂ ਗਲੀਆਂ ਦੀ ਰੌਣਕ ਸੀ
ਗੋਕਲ ਦਾ ਗੁਆਲਾ ਸੀ
ਹਿੰਦੂ ਮੁਸਲਮ ਸਿੱਖ ਈਸਾਈ
ਸਭ ਦਾ ਪੁਜਾਰੀ ਸੀ
ਸਭ ਦੀ ਪੂਜਨ ਸਮੱਗਰੀ ਸੀ
ਉਸਦੀ ਨਗਰੀ ਗੋਕਲ ਦੀ ਨਗਰੀ ਸੀ
ਆਯੁਧਿਆ ਦੀ ਨਗਰੀ ਸੀ

-0-

ਉਹ
ਵਿਲੱਖਣਤਾ 'ਚ ਇਕਾਈ ਦਾ
ਉਪਾਸ਼ਕ ਸੀ
ਉਹ ਆਪ ਪਰਜਾ ਸੀ
ਉਹ ਆਪ ਸ਼ਾਸਕ ਸੀ
ਉਹ ਸਦਾ ਹੀ
ਹਰ ਫ਼ਰਿਆਦੀ ਲਈ ਹਾਜ਼ਰ ਸੀ
ਉਹ ਨਿਆਏਂ
ਸੱਚ ਸੁੰਦਰਤਾ ਤੇ ਕਲਿਆਣ ਦੀ
ਇਬਾਦਤ ਸੀ

-0-

ਉਹ ਪਰਜਾ ਦੇ ਦੁਆਲੇ ਦੀ ਵਾੜ ਸੀ
ਪਰਜਾ ਦਾ ਮਾਲੀ ਸੀ
ਬਜ਼ੁਰਗਾਂ ਦੀਆਂ ਅਸੀਸਾਂ ਦਾ ਸਵਾਲੀ ਸੀ
ਬੱਚਿਆਂ ਜੁਆਨਾਂ ਦੇ
ਪਿਆਰ ਦਾ ਭੁੱਖਾ ਸੀ
ਔਰਤਾਂ ਦੀ ਮਮਤਾ ਦਾ ਪਿਆਸਾ ਸੀ
ਉਹ ਆਪੇ ਖ਼ੈਰ ਸੀ
ਉਹ ਆਪੇ ਕਾਸਾ ਸੀ

-0-

ਉਹ ਰਾਜਾ ਵੀ ਸੀ ਰੰਕ ਵੀ ਸੀ
ਰਾਜੇ 'ਚ ਉਹ ਰੰਕ ਦੀ ਤਾਸੀਰ ਸੀ
ਰੰਕ 'ਚ ਉਹ ਰਾਜੇ ਦੀ ਜ਼ਾਮੀਰ ਸੀ ।

------

## ਅਜੋਕੀ ਹਵਾ

ਇਹ ਜੋ ਵਾਕਫ਼ੀ ਦੇ ਜੰਗਲ ਚੋਂ
ਨਾ ਵਾਕਫ਼ੀ ਦੇ ਜੰਗਲ 'ਚ ਵਗਦੀ ਹੈ ਹਵਾ
ਪਰਤੇਗੀ ਆਪਣੇ ਘਰਾਂ ਨੂੰ
ਇਕ ਦਿਨ ਖਾ ਕੇ ਦਗ਼ਾ.

-0-

ਨਾ ਵਾਕਫ਼ੀ ਦੇ ਜੰਗਲ ਚੋਂ
ਹਮੇਸ਼ਾ ਹੀ ਨਾਵਾਕਫ਼ੀ ਦੇ ਰੁੱਖ ਉੱਗਦੇ ਹਨ
ਅਜ਼ਨਬੀਪਣ ਜਿਉਂਦੇ ਹਨ
ਅਜ਼ਨਬੀਪਣ ਹੰਢਾਉਂਦੇ ਹਨ
ਨਾ ਇਹ ਹਵਾ ਨੂੰ ਪਹਿਚਾਣਦੇ ਹਨ
ਨਾ ਇਹ ਪਹਿਚਾਣਨਾ ਹੀ ਚਾਹੁੰਦੇ ਹਨ
ਇਹ ਸੋਚਦੇ ਹਨ ਕਿ ਹਵਾ ਦੀ ਵਾਕਫ਼ੀ
ਇਨ੍ਹਾਂ ਦੀ ਹੋਂਦ ਦਾ ਨਾਸ ਕਰਦੀ ਹੈ
ਇਨ੍ਹਾਂ ਨੂੰ ਵਿਸ਼ਵਾਸ 'ਚ ਲੈ ਕੇ
ਕਤਲ ਕਰਦੀ ਹੈ
ਇਨ੍ਹਾਂ ਚੋਂ ਸ਼ੀਸ਼ੇ ਦੇ ਜੰਗਲ ਉੱਗਾਂਦੀ ਹੈ

-0-

ਇਨ੍ਹਾਂ ਨੇ
ਆਪਣੇ ਬੁੱਢੇ ਜੰਗਲ ਦਾ ਹਸ਼ਰ ਵੇਖਿਆ ਹੈ
ਜੰਗਲ ਦੇ ਜੀਵ ਜੰਤੂਆਂ
ਪਸ਼ੂ ਪਖਸ਼ੀਆਂ ਤੇ ਜੰਗਲੀ ਹਰਿਆਵਲ ਦਾ
ਬਨਵਾਸ ਹੰਢਾਇਆ ਹੈ
ਇਸ ਸੱਜਰੀ ਹਵਾ ਤੋਂ ਪਹਿਲਾਂ
ਇਸ ਹਵਾ ਦੇ ਪੁਰਖਿਆਂ ਨੇ
ਜੰਗਲ ਜੜ੍ਹ ਤੋਂ ਮੁਕਾਇਆ ਹੈ

ਤੇ ਸ਼ੀਸ਼ੇ ਦੇ ਰੁੱਖਾਂ ਦਾ ਜੰਗਲ
ਜੰਗਲ ਦੇ ਮੱਥੇ ਤੇ ਉੱਗਾਇਆ ਹੈ

-0-

ਜਿਉਂ ਜਿਉਂ ਹਵਾ ਚੇਤਨ ਹੁੰਦੀ ਗਈ
ਕੁਦਰਤ ਮੁਕਾਂਦੀ ਗਈ
ਪਹਾੜਾਂ ਦੀ ਬੁੱਕਲ 'ਚ
ਸੀਮੇਂਟ ਸਰੀਏ ਦੇ ਟਾਪੂ ਵਸਾਂਦੀ ਗਈ
ਜੰਗਲ 'ਚ ਪਲਾਸਟਕ ਦਾ ਜੰਗਲ ਉਤਾਰਦੀ ਗਈ
ਸਾਗਰਾਂ ਦੀ ਹਿੱਕ ਤੇ
ਸੀਮੈਂਟ ਲੋਹਾ ਬੱਜਰੀ ਤੇ ਸ਼ੀਸ਼ਾ ਵਿਛਾਂਦੀ ਗਈ
ਜ਼ਿੰਦਗੀ ਚੋਂ ਕੁਦਰਤੀ ਹਰਿਆਵਲ ਚੂਸਦੀ ਗਈ
ਜ਼ਿੰਦਗੀ 'ਚ ਅੱਗਾਂ ਉੱਗਾਂਦੀ ਗਈ

-0-

ਹਵਾ ਆਪਣੀ
ਸਿਰਜਣਾ ਦੇ ਵਾਵਰੋਲਿਆਂ 'ਚ ਇੰਜ ਆਈ
ਕਿ ਕੁਦਰਤ ਹਵਾ ਦੇ ਪਿੰਡੇ ਚੋਂ ਨੁਚੜਦੀ ਗਈ
ਹਵਾ ਆਪਣੇ ਸੱਚ ਤੋਂ ਦੂਰ ਹੁੰਦੀ ਗਈ
ਆਪਣੀਆਂ ਨਜ਼ਰਾਂ ਚੋਂ ਗਿਰਦੀ ਗਈ
ਆਪਣੀ ਜ਼ਮੀਰ ਤੋਂ ਵੀ ਗਿਰ ਗਈ
ਆਪਣੀ ਸਿਰਜਣਾ ਦੇ ਪੈਰਾਂ ਹੇਠ ਆ ਗਈ
ਹਵਾ ਦੀ ਸਿਰਜਣਾ
ਹਵਾ ਦਾ ਵਜੂਦ ਖਾ ਗਈ

-0-

ਆਪਣੀ ਚੇਤਨਾ ਸਿਖ਼ਰ ਤੇ
ਹਵਾ ਕੁਦਰਤ ਤੋਂ ਦੂਰ ਨੱਸਦੀ ਗਈ

ਆਪਣੀ ਸਿਰਜੀ ਕੁਦਰਤ 'ਚ
ਵਸਦੀ ਗਈ
ਆਪਣੀ ਹਰਿਆਵਲ ਆਪਣੀ ਪੌਣ
ਆਪਣੇ ਰੰਗ ਆਪਣੀ ਸਿਰਜੀ
ਖੁਸ਼ਬੂ ਜਿਉਂਦੀ ਗਈ
ਆਪਣੇ ਹੀ ਚੰਨਾਂ ਸੂਰਜਾਂ ਤਾਰਿਆਂ
ਦੀ ਛਾਵੇਂ ਬਹਿੰਦੀ ਰਹੀ
ਕੁਦਰਤ ਤੋਂ ਦੂਰ ਸੀ
ਆਪਣੇ ਆਪ 'ਚ ਹਵਾ
ਆਪਣਾ ਹੀ ਨੂਰ ਸੀ
ਆਪਣੀ ਹੀ ਧੁੱਪ ਦਾ ਨਿੱਘ ਮਾਣਦੀ ਸੀ
ਆਪਣੀ ਹੀ ਛਾਂ ਹੇਠ ਆਪਣਾ ਪਿੰਡਾ ਠਾਰਦੀ ਸੀ

-0-

ਕਦੀ ਹਵਾ ਨੇ
ਆਪਣੀ ਦੇਹ ਚੋਂ ਕੁਦਰਤ ਨਿਚੋੜੀ ਸੀ
ਅੱਜ ਕੁਦਰਤ ਨੇ
ਆਪਣੀ ਦੇਹ ਚੋਂ ਹਵਾ ਨਿਚੋੜ ਦਿੱਤੀ ਹੈ
ਤੇ ਖਾਲੀ ਹੱਥੀਂ ਆਪਣੇ ਦਰ ਤੋਂ ਹਵਾ ਮੋੜ ਦਿੱਤੀ ਹੈ
ਕੁਦਰਤ ਚੇਤਨ ਹੋਈ ਹੈ
ਪੁਰਾਣੇ ਰੁੱਖਾਂ ਚੋਂ ਨਵੇਂ ਰੁੱਖ
ਪੁਰਾਣੇ ਜੰਗਲਾਂ ਚੋਂ ਨਵੇਂ ਜੰਗਲ
ਉੱਗ ਆਏ ਹਨ
ਜੋ ਆਪਣੀ ਹੋਂਦ ਦੇ ਆਪ ਰੱਖਵਾਲੇ ਹਨ
ਇਹ ਉਨ੍ਹਾਂ ਰੁਖਾਂ ਦਾ ਪ੍ਰਤੀਕਰਮ ਹੈ
ਜੋ ਰੁੱਖ ਹਵਾ ਨੇ
ਸ਼ੀਸ਼ੇ ਦੇ ਪਿੰਡੇ 'ਚ ਉਤਾਰੇ ਹਨ
ਸ਼ੀਸ਼ੇ ਦੇ ਪਿੰਡੇ 'ਚ ਉਬਾਲੇ ਹਨ ।

------

## ਚਮਨ

ਜਿਨ੍ਹੇ ਫੁੱਲ ਚਮਨ 'ਚ ਖਿੜੇ ਹਨ
ਉਨ੍ਹੇ ਹੀ ਚਮਨ ਦੇ ਜਿਗਰ ਤੇ ਦਾਗ਼ ਹਨ
ਚਮਨ ਦੀ ਬੁੱਕਲ 'ਚ
ਪੱਤਝੜਾਂ ਉਜਾੜਾਂ ਤੇ ਚੁੱਪਾਂ ਆਬਾਦ ਹਨ

-0-

ਕਦੀ ਫੁੱਲ ਝੁਲਸੇ ਹਨ
ਕਦੀ ਕਲੀਆਂ ਦਾ ਰੇਪ ਹੋਇਆ ਹੈ
ਕਦੀ ਮੌਸਮਾਂ ਦਾ ਕਤਲ
ਕਦੀ ਬਹਾਰਾਂ ਦੀ ਪੱਤ ਲੁੱਟੀ ਹੈ
ਕਦੀ ਖੁਸ਼ਬੂਆਂ ਦੇ ਜਿਸਮ ਵਿਕੇ ਹਨ
ਕਦੀ ਪੁੰਗਰਦੀਆਂ ਲਗਰਾਂ ਦੀ ਬੋਲੀ ਲੱਗੀ ਹੈ
ਕਦੀ ਕੋਈ ਭਵਰਾ ਸੂਲੀ ਤੇ ਚੜ੍ਹਿਆ ਹੈ
ਕਦੀ ਚਮਨ 'ਚ ਫ਼ਿਜ਼ਾ ਨੂੰ
ਨਫ਼ਰਤ ਨੇ ਡੰਗਿਆ ਹੈ
ਚਮਨ ਜੋ ਬਸੰਤ 'ਚ ਹੱਸਿਆ ਹੈ
ਚਮਨ ਦੀ ਅੱਖ 'ਚ ਜਦ ਕਦੀ ਵੀ
ਚਮਨ ਦਾ ਸੱਚ ਮੋਇਆ ਹੈ

-0-

ਕਦੀ ਝੱਖੜਾਂ ਕਦੀ ਹਨ੍ਹੇਰੀਆਂ ਕਦੀ ਬੱਦਲਾਂ
ਚਮਨ ਦੇ ਨਕਸ਼ ਖੋਰੇ ਹਨ
ਚਮਨ ਦੇ ਰੰਗੀਨ ਲਿਬਾਸ 'ਚ
ਹੱਸਦੇ ਅੱਥਰੂਆਂ ਦੇ ਝੋਰੇ ਹਨ

ਕਦੀ ਹਵਾ ਦੇ ਅੱਥਰੇਪਣ ਨੇ
ਚਮਨ ਦੀ ਕੁੱਖ ਦੇ ਰੁੱਖਾਂ ਦਾ ਬੂਰ
ਉਜਾੜਿਆ ਹੈ
ਕਦੀ ਫੁੱਲਾਂ ਦਾ ਵਜ਼ੂਦ ਪੱਤੀ ਪੱਤੀ ਕੀਤਾ ਹੈ
ਕਦੀ ਧੁੱਪਾਂ ਨੇ ਬਲਦਾ ਸੂਰਜ
ਕਰੂੰਬਲਾਂ ਤੇ ਧਰਿਆ ਹੈ
ਕਦੀ ਕੋਰਿਆਂ ਨੇ ਝੁਲਸਾਇਆ ਹੈ
ਕਦੀ ਸੋਕੇ ਨੇ ਮਾਰਿਆ ਹੈ
ਕਦੀ ਅੱਗਣ ਨੇ ਫੂਕਿਆ
ਕਦੀ ਬਰਸਾਤਾਂ ਨੇ ਸਾੜਿਆ
ਕਦੀ ਗੁਲਸ਼ਨ ਨੂੰ ਮਾਲੀ ਨੇ ਉਜਾੜਿਆ
ਕਦੀ ਵਾੜ ਨੇ ਗੁਲਸ਼ਨ ਦੇ ਕੰਠ 'ਚ
ਜ਼ਹਿਰ ਉਤਾਰਿਆ

-0-

ਮਾਲੀ ਦੇ ਕਰਮ ਤੇ
ਗੁਲਸ਼ਨ ਦੁਹੱਥੜਾਂ ਮਾਰ ਕੇ ਰੋਇਆ
ਅੰਬਰ ਦੇ ਮਾਲੀ ਨੂੰ ਪੁਕਾਰਿਆ
ਅੱਥਰੂ ਕੇਰਦੇ ਚਮਨ ਨੇ
ਅੰਬਰ ਦੇ ਮਾਲੀ ਕੋਲ ਆਪਣਾ
ਹਾਲ ਗੁਜ਼ਾਰਿਆ
ਕਿ ਚਮਨ ਨੂੰ ਚਮਨ ਦੀ ਵਾੜ ਤੇ
ਮਾਲੀ ਨੇ ਖਾ ਲਿਆ
ਅੰਬਰ ਦੇ ਮਾਲੀ ਨੂੰ ਚਮਨ ਬੋਲਿਆ
ਤੇਰੇ ਰੱਖਵਾਲੇ ਮਾਲੀਆਂ ਹੱਥੋਂ ਚਮਨ
ਆਬਾਦ ਨਹੀਂ
ਕੋਈ ਰੁੱਖ ਟਹਿਣੀ ਫੁੱਲ ਪੱਤਾ ਚਮਨ
ਦੀ ਫ਼ਿਜ਼ਾ ਸ਼ਾਦ ਨਹੀਂ

ਤੇਰਿਆਂ ਬੰਦਿਆਂ ਦੀਆਂ
ਰਹਿਮਤਾਂ ਤੇ ਨਿਹਮਤਾਂ ਨੇ
ਸਾਰੇ ਦਾ ਸਾਰਾ ਚਮਨ ਖਾ ਲਿਆ.
ਚਮਨ ਚੋਂ ਕਬਰਾਂ ਦਾ ਜੰਗਲ ਉੱਗਾ ਲਿਆ

-0-

ਅੰਬਰ ਦਾ ਮਾਲੀ
ਚਮਨ 'ਚ ਉਤਰਿਆ
ਚਮਨ ਨੂੰ ਚਮਨ ਦਾ ਸੱਚ ਸਮਝਾ ਗਿਆ
ਚਮਨ ਨੇ ਆਪਣੇ ਪਿੰਡੇ ਤੇ
ਮੌਤ ਦਾ ਚੋਲਾ ਤੇ ਸਿਪਾਹੀ ਦਾ ਜਾਮਾ ਪਾ
ਲਿਆ
ਆਪਣੇ ਅੰਦਰੋਂ ਹੀ
ਆਪਣਾ ਰਾਖ਼ਾ ਜਗਾ ਲਿਆ
ਕਲੀਆਂ ਦੇ ਪਿੰਡੇ ਚੋਂ ਮੌਤ ਦਾ ਭੈਅ ਨਿਚੋੜਿਆ
ਰੁੱਖਾਂ ਨੂੰ ਸ਼ਹਾਦਤ ਦਾ ਜਾਮ ਪਿਲਾ ਲਿਆ
ਕੰਡਿਆਂ ਨੂੰ ਤਲਵਾਰਾਂ ਤੇ ਢਾਲਾਂ ਬਣਾ ਲਿਆ
ਪੰਛੀਆਂ ਦੇ ਖੰਭਾਂ ਨੂੰ ਕੁਰਬਾਨੀਆਂ ਦਾ
ਪ੍ਰਵਾਜ਼ ਲਾ ਦਿੱਤਾ
ਬਹਾਰਾਂ ਮੌਸਮਾਂ ਤੇ ਰੁਤਾਂ ਨੂੰ
ਆਪਣੇ ਵਿਰੋਧ 'ਚ ਖੜਣਾ ਸਿਖਾ ਦਿੱਤਾ
ਕੋਇਲ ਦੇ ਕੰਠ ਨੇ
ਚਮਨ ਦੇ ਸੰਘਰਸ਼ ਦਾ ਨਗ਼ਮਾ ਗਾ ਦਿੱਤਾ

-0-

ਚਮਨ ਦੇ ਸੰਘਰਸ਼ ਨੇ
ਚਮਨ 'ਚ ਨਵੇਂ ਸੂਰਜ ਚੜ੍ਹਾ ਦਿੱਤੇ
ਨਵੀਂ ਧਰਤੀ ਨਵਾਂ ਅੰਬਰ

ਚਮਨ ਦੇ ਪੈਰਾਂ 'ਚ ਧਰ ਦਿੱਤੇ
ਸਿਰ ਤੇ ਸਜਾ ਦਿੱਤੇ
ਹਰ ਫੁੱਲ ਅੰਗਿਆਰ ਹੋ ਗਿਆ
ਹਰ ਮੌਸਮ ਤਲਵਾਰ ਹੋ ਗਿਆ
ਹਰ ਬਹਾਰ ਢਾਲ ਹੋ ਗਈ
ਹਰ ਰੁੱਤ ਗੁਲਸ਼ਨ ਦੇ ਲਹੂ ਦਾ ਉਬਾਲ ਹੋ ਗਈ

-0-

ਹੁਣ ਜਦ ਗੁਲਸ਼ਨ 'ਚ
ਪੱਤਝੜ ਜਾਂ ਉਜਾੜ ਆਉਂਦੀ ਹੈ
ਬਣਕੇ ਬਹਾਰ ਆਉਂਦੀ ਹੈ
ਗੁਲਸ਼ਨ ਦਾ ਕਾਰੋਬਾਰ ਚਲਦਾ ਹੈ
ਗੁਲਸ਼ਨ ਦਾ ਸੂਰਜ
ਗੁਲਸ਼ਨ ਚੋਂ ਚੜ੍ਹਦਾ ਹੈ
ਗੁਲਸ਼ਨ 'ਚ ਢਲਦਾ ਹੈ
ਹੁਣ ਗੁਲਸ਼ਨ ਨੂੰ ਵਾੜ ਨਾ ਮਾਲੀ ਦੀ ਲੋੜ ਹੈ
ਗੁਲਸ਼ਨ ਆਪਣੇ ਆਪ ਦਾ ਰਖਵਾਲਾ ਹੈ
ਅੰਬਰ ਦੇ ਮਾਲੀ ਦਾ ਹਵਾਲਾ ਹੈ
ਆਪਣੇ ਨੂਰ ਦਾ ਆਪੇ ਉਜਾਲਾ ਹੈ ।

------

## ਸੱਜਣ

ਤੇਰੀ ਵਫ਼ਾ ਦੀਆਂ ਖ਼ੂਬੀਆਂ ਤਾਂ
ਗਿਣ ਲਈਆਂ ਹਨ
ਤੇਰੀ ਜ਼ਫ਼ਾ ਦੀਆਂ ਖ਼ੂਬੀਆਂ
ਗਿਣੀਆਂ ਨਹੀਂ ਗਈਆਂ
ਤੂੰ ਵਫ਼ਾ ਜਾਂ ਜ਼ਫ਼ਾ ਦਾ ਪੁਤਲਾ ਹੈਂ
ਮੇਰਾ ਰਾਹਨੁਮਾ ਹੈਂ
ਤੂੰ ਜੋ ਕੁੱਝ ਵੀ ਹੈ ਮੇਰਾ ਖ਼ੁਦਾ ਹੈ

–0–

ਮੈਂ ਤੇਰੀਆਂ ਗਲੀਆਂ ਤੇਰਾ ਦਰ
ਛੱਡ ਕੇ ਜਾਵਾਂ ਵੀ ਤਾਂ ਕਿੱਥੇ
ਤੂੰ ਵਫ਼ਾ 'ਚ ਹੈਂ ਜ਼ਫ਼ਾ 'ਚ ਹੈਂ
ਤੂੰ ਬ੍ਰਹਿਮੰਡਾਂ ਥੇਹਾਂ ਖੰਡਰਾਂ 'ਚ ਹੈਂ
ਤੂੰ ਫੁੱਲਾਂ ਦੀ ਰੰਗਤ ਕਲੀਆਂ 'ਚ ਹੈਂ
ਤੂੰ ਚੜ੍ਹਦੀਆਂ ਸਵੇਰਾਂ ਦਾ ਮੁੱਖ ਹੈਂ
ਹੁਸਨ ਸ਼ਾਮਾਂ ਢਲਦੀਆਂ ਦਾ ਹੈਂ

–0–

ਮੈਂ ਵਗਾਂ ਟੁਰਾਂ ਤੂੰ ਸਫ਼ਰ 'ਚ ਹੈਂ
ਤੂੰ ਸਿਲ 'ਚ ਹੈਂ ਗਤੀ 'ਚ ਹੈਂ
ਕਬਰਾਂ 'ਚ ਹੈਂ
ਜ਼ਿੰਦਗੀ ਦੇ ਦਿਲ 'ਚ ਹੈਂ
ਮੌਸਮਾਂ ਬਹਾਰਾਂ ਰੁੱਤਾਂ ਦਾ ਅਗਾਜ਼ ਹੈ
ਸਾਗਰ ਦੀਆਂ ਲਹਿਰਾਂ ਦਾ ਬੋਲ ਹੈ
ਜਲ 'ਚ ਹੈ ਸਹਿਰਾ ਦੇ ਕੋਲ ਹੈ

–0–

ਤੂੰ ਉਜਾੜਾਂ ਇਕੱਲਤਾ ਚੁਪਾਂ ਦਾ
ਵਿਸਥਾਰ ਹੈਂ
ਤੂੰ ਨਜ਼ਰ ਦੇ ਆਰ ਪਾਰ ਹੈਂ
ਹਨ੍ਹੇਰੇ ਦਾ ਵਜ਼ੂਦ ਹੈਂ
ਤਾਰਿਆਂ ਦੀ ਲੋਅ ਹੈਂ
ਧਰਤੀਆਂ ਅੰਬਰਾਂ 'ਚ ਮੌਜ਼ੂਦ ਹੈਂ
ਤੂੰ ਗੂੰਗੀ ਦਾ ਬੋਲ ਹੈਂ
ਤੇਰੇ ਤੋਂ ਸਭ ਦੂਰ ਨੇ ਤੂੰ ਸਭ ਦੇ ਕੋਲ ਹੈਂ

-0-

ਤੂੰ ਅੰਮ੍ਰਿਤ ਵੀ ਹੈ ਵਿਸ਼ ਵੀ ਹੈਂ
ਹਨ੍ਹੇਰਿਆਂ ਦਾ ਢੇਰ ਹੈਂ
ਸੂਰਜਾਂ ਦਾ ਸ਼ਹਿਰ ਹੈਂ
ਤੂੰ ਮਨੁੱਖ 'ਚ ਜਗਦੀ ਉਹ ਲੋਅ ਹੈਂ
ਜ਼ੱਰੇ ਜ਼ੱਰੇ 'ਚ ਪ੍ਰਗਟ ਜੋ ਹੈਂ
ਤੂੰ ਕਤਰਾ ਵੀ ਹੈਂ ਸਾਗਰ ਵੀ ਹੈਂ
ਤੂੰ ਪਰਦਾ ਵੀ ਹੈਂ ਉਜਾਗਰ ਵੀ ਹੈਂ

-0-

ਮੈਂ ਤੈਨੂੰ
ਵਫ਼ਾ ਆਖਾਂ ਕਿ ਜ਼ਫ਼ਾ ਆਖਾਂ
ਦਰਦ ਆਖਾਂ ਕਿ ਦਵਾ ਆਖਾਂ
ਕੈਦ ਆਖਾਂ ਕਿ ਰਿਹਾਅ ਆਖਾਂ
ਦੇਹ ਆਖਾਂ ਕਿ ਸਾਹ ਆਖਾਂ
ਮੈਂ ਤੇਰੀ ਵਫ਼ਾ ਦਾ ਵੀ ਪੁਜਾਰੀ ਹਾਂ
ਤੇਰੀ ਜ਼ਫ਼ਾ ਦਾ ਵੀ ਪੁਜਾਰੀ ਹਾਂ
ਤੂੰ ਮੇਰੀ ਝੋਲੀ 'ਚ ਜੋ ਕੁੱਝ ਵੀ ਪਾਏਂਗਾ
ਮੈਂ ਤੇਰਾ ਸ਼ੁਕਰ ਮਨਾਵਾਂਗਾ
ਤੂੰ ਖੁਦਾ ਹੈ ਮੇਰਾ
ਮੈਂ ਤੇਰੀ ਮਿੱਟੀ ਦਾ ਜ਼ੱਰਾ ਕਹਾਵਾਂਗਾ ।

------

## ਸ਼ਬਦਾਂ ਦੀ ਫ਼ਸਲ

ਪੱਕਿਆਂ ਸ਼ਬਦਾਂ ਦੀ ਰਾਖੀ
ਉਹ ਸਾਰੀ ਰਾਤ ਬੈਠਾ ਰਿਹਾ
ਦਿਨੇ ਪੱਕਿਆਂ ਸ਼ਬਦਾਂ ਦੀ ਫ਼ਸਲ
ਨਿਹਾਰਦਾ ਰਿਹਾ
ਆਪਣੇ ਅਰਥ ਸ਼ਬਦਾਂ 'ਚ ਉਤਾਰਦਾ ਰਿਹਾ
-0-
ਉਹ ਹਨ੍ਹੇਰੇ ਤੋਂ ਡਰਦਾ ਜਗਦਾ ਸੀ
ਪੱਕਿਆਂ ਸ਼ਬਦਾਂ ਦੀ ਰਾਖੀ ਕਰਦਾ ਸੀ
ਕੋਈ ਚੁਗ ਨਾ ਲਿਜਾਏ
ਕੋਈ ਜਲਾ ਨਾ ਜਾਏ
ਨਹੀਂ ਤਾਂ ਉਹਦੇ ਅਰਥ ਭੁੱਖੇ ਰਹਿ ਜਾਣਗੇ
ਕੱਖਾਂ ਤੋਂ ਹੌਲੇ ਹੋ ਜਾਣਗੇ
ਤੇ ਕੱਚ ਦੇ ਨਗਰ ਦੀ ਕਮੇਟੀ
ਉਨ੍ਹਾਂ ਨੂੰ ਰਾਖੇ ਨਹੀਂ
ਅਵਾਰਾ ਕੁੱਤੇ ਸਮਝਕੇ ਮਾਰ ਦੇਵੇਗੀ
ਪੱਕੇ ਸ਼ਬਦਾਂ ਦੀ ਫ਼ਸਲ ਲੁੱਟਣ ਲਈ
ਚੋਰਾਂ ਲਈ ਖੋਲ੍ਹ ਦੁਆਰ ਦੇਵੇਗੀ
-0-
ਪੱਕੇ ਸ਼ਬਦਾਂ 'ਚ ਅਰਥ ਲਪੇਟਕੇ
ਉਹ ਅੰਬਰ ਤੇ ਛਿੜਕਣਾ ਚਾਹੁੰਦਾ ਸੀ
ਧਰਤੀ ਚੋਂ ਉੱਗਾਉਣਾ ਚਾਹੁੰਦਾ ਸੀ

ਸੜਕ ਤੇ ਹਰ ਟੁਰਦੇ ਫਿਰਦੇ ਅੱਖਰ ਨੂੰ
ਸ਼ਬਦਾਂ ਤੇ ਅਰਥਾਂ ਦਾ ਸੱਚ
ਸਮਝਾਉਣਾ ਚਾਹੁੰਦਾ ਸੀ

-0-

ਕਿ ਖੇਤਾਂ ਚੋਂ
ਪੱਕੇ ਸ਼ਬਦਾਂ ਦੀ ਫ਼ਸਲ ਦੇ ਅਰਥਾਂ ਚੋਂ
ਅਜਿਹਾ ਸੰਸਾਰ ਉੱਗ ਆਵੇ
ਜੋ ਸ਼ੀਸ਼ੇ ਦੇ ਪਿੰਜਰੇ 'ਚ ਬੈਠੇ
ਸ਼ੀਸ਼ੇ ਦੇ ਅੱਖਰਾਂ ਵਾਂਗ
ਕਣਕ ਦਫ਼ਤਰੀ ਫਾਇਲਾਂ 'ਚ ਨਾ ਬੀਜੇ
ਸ਼ੀਸ਼ੇ ਦੀਆਂ ਛੱਤਾਂ ਤੇ ਨਾ ਉੱਗਾਏ

-0-

ਸਗੋਂ ਸ਼ੀਸ਼ੇ ਦੇ ਪਿੰਜਰੇ ਤੋਂ ਬਾਹਰ
ਖੇਤਾਂ 'ਚ ਆਵੇ
ਪੱਕੇ ਸ਼ਬਦਾਂ ਦੀ ਫ਼ਸਲ ਦਾ ਪਸੀਨਾ ਹੋ ਜਾਵੇ
ਮਿੱਟੀ ਸੰਗ ਮਿੱਟੀ ਹੋ ਜਾਵੇ
ਕੱਚ ਦੇ ਲੋਕ
ਸ਼ਬਦਾਂ ਦੀ ਫ਼ਸਲ ਪੱਕਣ ਤਕ ਆਪਣੇ
ਖ਼ੂਨ ਨਾਲ ਸਿੰਜਣ
ਫਿਰ ਪੱਕੇ ਸ਼ਬਦਾਂ 'ਚ ਲਪੇਟੀ ਅਰਥਾਂ ਦੀ ਰੋਟੀ
ਆਪਣੇ ਦੰਦੀਂ ਲਾਉਣ
ਸ਼ੀਸ਼ੇ ਦੀ ਦੁਨੀਆਂ 'ਚ ਧਰਤੀ ਦਾ
ਅਰਥ ਉੱਗਾਉਣ
ਸ਼ੀਸ਼ੇ ਦੀ ਦੁਨੀਆਂ ਦਾ ਹਰ ਇੱਕ ਅੱਖਰ
ਸ਼ਬਦਾਂ ਦੀ ਪੱਕੀ ਫ਼ਸਲ 'ਚ
ਲਪੇਟਿਆ ਅਰਥ ਹੋ ਜਾਵੇ ।

------

## ਲੱਕੜ

ਉਸਨੇ ਲੱਕੜ ਚੀਰਨ ਲਈ
ਆਰੀ ਜਦ ਲੱਕੜ ਦੇ ਜਿਸਮ ਤੇ ਧਰੀ
ਲੱਕੜੀ ਕੁਰਲਾਈ ਤੇ ਬੋਲੀ
ਮੇਰੇ ਅੰਦਰ ਜਿਉਂਦਾ ਜਾਗਦਾ ਰੁੱਖ ਹੈ
ਟਹਿਣੀਆਂ ਪੱਤੇ ਫੁੱਲ ਫੱਲ ਛਾਂ ਹੈ
ਮੇਰੇ 'ਚ ਪੰਛੀਆਂ ਦੇ ਆਲ੍ਹਣਿਆਂ 'ਚ
ਨੰਨੀ ਮੁੰਨੀ ਜਾਨ ਹੈ

-0-

ਮੈਂ ਤੇਰੇ ਵਾਂਗ ਹੀ
ਜਿਉਂਦੀ ਜਾਗਦੀ ਸਾਹ ਲੈਂਦੀ ਹਾਂ
ਬਲਦੀ ਹਾਂ ਰੌਸ਼ਨੀ ਕਰਦੀ ਹਾਂ
ਜਿਸ ਸਾਗਰ 'ਚ
ਤੇਰੇ ਜਿਹੇ ਤਰਾਕ ਡੁੱਬਦੇ ਹਨ
ਮੈਂ ਉਸ ਸਾਗਰ 'ਚ ਤਰਦੀ ਹਾਂ
ਧਰਤੀ 'ਚ ਮੇਰੀ ਕਲਮ ਲਗਦੀ ਹੈ
ਪੌਦਾ ਬਣਕੇ ਉੱਗਦੀ ਹਾਂ

-0-

ਆਪਣੇ ਸਿਰ ਤੇ ਧੁੱਪਾਂ ਸਹਾਰਦੀ ਹਾਂ
ਪਰ ਜ਼ਿੰਦਗੀ 'ਚ ਛਾਂਵਾਂ ਵੰਡਦੀ ਹਾਂ
ਧੁੱਪਾਂ 'ਚ ਜਦ ਲਾਲੜੀਆਂ ਦੇ ਪੈਰ ਸੜਦੇ ਹਨ
ਉਹ ਮੇਰੀ ਛਾਂ ਹੇਠ ਆਉਂਦੀਆਂ ਹਨ
ਸੂਰਜ ਦੀ ਸੜਦੀ ਧੁੱਪ ਤੋਂ ਨਿਜ਼ਾਤ ਪਾਉਂਦੀਆਂ ਹਨ

-0-

ਮੈਂ ਜ਼ਿੰਦਗੀ ਦਾ ਸਹਾਰਾ ਹਾਂ
ਜ਼ਿੰਦਗੀ ਦੀ ਗਤੀ ਹਾਂ

ਜ਼ਿੰਦਗੀ ਦਾ ਸਾਹ ਹਾਂ
ਸੜਦਿਆਂ ਰਾਹੀਆਂ ਦੇ ਸਿਰ
ਦੀ ਛਾਂ ਹਾਂ
ਅਜੇ ਮੈਂ
ਆਪਣੀ ਜ਼ਿੰਦਗੀ ਦਾ ਲੰਮੇਰਾ ਸਫ਼ਰ
ਮੁਕਾਣਾ ਹੈ
ਧਰਤੀ ਦੇ ਸਹਿਰਾ 'ਚ
ਜੰਗਲ ਉੱਗਾਣਾ ਹੈ
ਸਹਿਰਾ ਦੀ ਕੁੱਖ ਹਰੀ ਕਰਨੀ ਹੈ
ਸਹਿਰਾ 'ਚ ਜ਼ਿੰਦਗੀ ਧਰਨੀ ਹੈ
ਕਿ ਸਹਿਰਾ ਅਬਾਦ ਹੋ ਸਕੇ
ਹਰਿਆਵਲ ਦਾ ਸੁੱਖ ਮਾਣ ਸਕੇ
ਸੂਰਜ ਦੀ ਸੜਣ ਤੋਂ ਅਜ਼ਾਦ ਹੋ ਸਕੇ

-0-

ਮੈਨੂੰ ਚੀਰਨ ਦੀ ਥਾਂ
ਧਰਤੀ 'ਚ ਬੀਜਦੇ
ਜਲ ਨਾਲ ਪਸੀਜ ਦੇ
ਕੁੱਝ ਸਮੇਂ ਪਿੱਛੋਂ
ਮੇਰੇ ਚੋਂ ਤੈਨੂੰ ਜ਼ਿੰਦਗੀ ਨਜ਼ਰ ਆਵੇਗੀ
ਜੋ ਤੇਰੀ ਦੇਣ ਕਹਾਏਗੀ
ਤੇਰੀ ਉਪਮਾਂ ਕਰੇਗੀ
ਤੇਰਾ ਜੱਸ ਗਾਏਗੀ
ਤੇਰੇ ਜੀਵਨ ਥਲ 'ਚ ਹਰਿਆਵਲ ਧਰੇਗੀ
ਤੂੰ ਜਿੱਥੇ ਪੈਰ ਧਰੇਂਗਾ
ਉਥੋਂ ਉੱਗ ਆਏਗੀ
ਤੇਰੀਆਂ ਤੱਪਦੀਆਂ ਰਾਹਾਂ 'ਚ
ਛਾਂਵਾਂ ਵਿਛਾਏਗੀ

-0-

ਉਸਨੂੰ ਲੱਕੜ ਦਾ
ਸੱਚ ਭਾਅ ਗਿਆ
ਜੀਵਨ ਸਮਝ ਆ ਗਿਆ
ਕਿ ਰੁੱਖ ਜੀਵਨ ਦੀ ਲੋੜ ਹੈ.ਜਾਨ ਹੈ
ਰੁੱਖਾਂ ਨਾਲ ਹੀ ਵਸਦਾ ਜਹਾਨ ਹੈ
ਹੁਣ ਉਹ ਪੌਦੇ ਦੀ ਕਲਮ
ਜਾਂ
ਇਕ ਰੁੱਖ ਰੋਜ਼ ਲਾਉਂਦਾ ਹੈ
ਜ਼ਿੰਦਗੀ ਦੇ ਸਹਿਰਾ 'ਚ ਜੰਗਲ ਉੱਗਾਉਂਦਾ ਹੈ ।

------

# ਸ਼ਹਿਰ ਤੇ ਮੁਹੱਬਤ

ਤੇਰੀਆਂ ਗਲੀਆਂ
ਮੇਰੀਆਂ ਗਲੀਆਂ ਵੱਲ ਟੁਰੀਆਂ ਹਨ
ਮੇਰੀਆਂ ਤੇਰੀਆਂ ਗਲੀਆਂ
ਇਕ ਦੂਜੀ ਨੂੰ ਮਿਲੀਆਂ ਹਨ
ਤੇਰੀਆਂ ਗਲੀਆਂ
ਮੇਰੀ ਨੁਹਾਰ ਲੱਗਦੀਆਂ ਹਨ
ਮੇਰੀਆਂ ਗਲੀਆਂ
ਤੇਰੇ ਚਿਹਰੇ 'ਚ ਬਦਲੀਆਂ ਹਨ
ਤੇਰੀਆਂ ਗਲੀਆਂ ਮੈਨੂੰ
ਮੇਰੀਆਂ ਗਲੀਆਂ ਤੈਨੂੰ ਪੁਕਾਰਦੀਆਂ ਹਨ

–0–

ਚੌਕਾਂ ਤੇ ਸੜਕਾਂ ਤੇ
ਗਲੀਆਂ ਆਪਣੇ ਚੁੱਪ ਬੋਲ
ਬੀਜ ਆਈਆਂ ਹਨ
ਤੇ ਆਪਣੇ ਆਪ 'ਚ
ਸੜਕਾਂ ਤੇ ਚੌਕਾਂ ਚੋਂ ਮੱਨਫ਼ੀ ਹੋ ਗਈਆਂ ਹਨ
ਸੜਕਾਂ ਤੇ ਉੱਗੇ ਬੋਲ
ਗਲੀਆਂ ਭਾਲਦੇ ਹਨ
ਚੌਕਾਂ 'ਚ ਉੱਗੇ ਬੋਲ ਚੁੱਪ ਭਾਲਦੇ ਹਨ

–0–

ਸ਼ਹਿਰ ਦੇ ਸਾਏ ਹੇਠ
ਤੇਰੇ ਤੇ ਮੇਰੇ ਜਿਸਮ ਮਿਲਦੇ ਹਨ
ਚਾਹੁੰਦੇ ਹਨ
ਸ਼ਹਿਰ ਚੁੱਪ ਰਹੇ
ਦਰਵਾਜ਼ੇ ਦੇਖ ਨਾ ਸਕਣ
ਖਿੜਕੀਆਂ ਸੁਣ ਨਾ ਸਕਣ
ਅਸੀਂ ਆਪਣੇ ਦੁਆਲੇ
ਗੂੰਗਾਪਣ ਅੰਨ੍ਹਾਪਣ ਤੇ ਬੋਲਾਪਣ
ਉਸਾਰਿਆ

ਇਸ ਖਾਮੋਸ਼ੀ ਦੇ ਆਲਮ 'ਚ
ਇਕ ਦੂਜੇ ਦੇ ਦਿਲਾਂ ਦੀ ਧੜਕਣ ਸੁਣਦੇ ਰਹੇ
ਇਕ ਦੂਜੇ 'ਚ ਉਤਰਦੇ ਰਹੇ

-0-

ਹੁਣ ਜਦ ਇਕ ਦੂਜੇ ਨੂੰ
ਮੁਹੱਲੇ 'ਚ ਆ ਕੇ ਪੁਕਾਰਦੇ ਹਾਂ
ਤਾਂ ਸਿਰਫ਼ ਚੁੱਪ ਸੁਣਦੀ ਹੈ
ਜੋ ਅਸੀਂ ਆਪਣੀ ਪਹਿਲੀ
ਮਿਲਣੀ ਤੇ ਉਸਾਰੀ ਸੀ
ਸ਼ਹਿਰ ਦੀ ਜੀਭਾ
ਦਰਵਾਜ਼ਿਆਂ ਦੀਆਂ ਅੱਖਾਂ
ਤੇ ਖਿੜਕੀਆਂ ਦੇ ਕੰਨਾਂ 'ਚ ਉਤਾਰੀ ਸੀ

-0-

ਹੁਣ ਕੋਈ ਵੀ
ਸਾਡੀ ਮੁਹੱਬਤ ਦਾ ਗੁਆਹ ਨਹੀਂ
ਕੋਈ ਵੀ
ਮੁਹੱਬਤ ਸਾਬਤ ਕਰਨ ਦਾ ਰਾਹ ਨਹੀਂ
ਗਲੀਆਂ ਸ਼ਹਿਰ ਦੇ ਪੈਰਾਂ ਹੇਠ ਆ ਗਈਆਂ ਹਨ
ਚੁੱਪ ਨੂੰ ਸ਼ਹਿਰ ਦਾ ਸ਼ੋਰ ਖਾ ਗਿਆ ਹੈ

-0-

ਸੜਕ ਤੇ
ਉਸ ਚੁੱਪ ਦੇ ਚੁੱਪ ਬੋਲ ਹਨ
ਚੌਂਕਾਂ 'ਚ ਉਸ ਚੁੱਪ ਦਾ ਸ਼ੋਰ ਹੈ
ਜੋ ਕਦੀ ਗਲੀਆਂ ਨੇ
ਸੜਕਾਂ ਤੇ ਚੌਂਕਾਂ 'ਚ ਉੱਗਾਇਆ ਹੈ

-0-

ਸ਼ਹਿਰ ਕੋਲ
ਸਾਡੀ ਮੁਹੱਬਤ ਦੀ ਕਹਾਣੀ ਨਹੀਂ
ਸਾਡੀ ਮੁਹੱਬਤ ਦਾ ਗੂੰਗਾ ਬੋਲ ਹੈ
ਅੰਨ੍ਹਾਪਣ ਹੈ ਬੋਲਾਪਣ ਹੈ
ਜੋ ਅਸੀਂ
ਆਪਣੀਆਂ ਮਿਲਣੀਆਂ ਤੇ
ਸ਼ਹਿਰ 'ਚ ਬੀਜਿਆ ਸੀ
ਜੋ ਸਾਡੀ ਮੁਹੱਬਤ ਦੀ ਸ਼ਨਾਖ਼ਤ ਹੈ
ਤੇ ਸ਼ਹਿਰ ਦੇ ਚੌਂਕਾਂ 'ਚ ਉੱਗਿਆ ਹੈ

-0-

ਤੇਰਾ ਮੇਰਾ ਆਪਾ ਹੀ
ਆਪਣੀ ਮੁਹੱਬਤ ਦੀ ਸ਼ਨਾਖ਼ਤ ਦਾ
ਜ਼ੁੰਮੇਵਾਰ ਹੈ
ਜੋ ਮੁਹੱਬਤ ਕਰਨ ਤੋਂ ਪਹਿਲਾਂ
ਇਸ ਸ਼ਹਿਰ ਤੋਂ ਡਰਦਾ ਰਿਹਾ
ਸ਼ਹਿਰ ਦੀ ਜ਼ੁਬਾਨ ਤੇ ਚੁੱਪ
ਦਰਵਾਜ਼ਿਆਂ 'ਚ ਅੰਨ੍ਹਾਪਣ
ਤੇ ਖਿੜਕੀਆਂ 'ਚ
ਬੋਲਾਪਣ ਧਰਦਾ ਰਿਹਾ

-0-

ਜੇ ਸਾਡੀ ਮੁਹੱਬਤ
ਸ਼ਹਿਰ ਦੇ ਡਰ ਤੋਂ ਬਿਨਾਂ ਪ੍ਰਵਾਨ ਚੜ੍ਹਦੀ
ਆਪਣਾ ਸੱਚ ਸ਼ਹਿਰ ਦੀਆਂ ਰਗਾਂ 'ਚ ਘੋਲਦੀ
ਅੱਜ ਸਾਡੀ ਮੁਹੱਬਤ
ਸ਼ਹਿਰ ਦੇ ਸਿਰ ਚੜ੍ਹਕੇ ਬੋਲਦੀ ।

------

# ਅਜ਼ੀਬ ਸਖ਼ਸ਼

ਉਹ ਵੇਦਾਂ ਸ਼ਾਸਤਰਾਂ ਦਾ ਧਨੀ ਹੈ
ਗਿਆਤਾ ਹੈ
ਉਪਨਿਸ਼ਦਾਂ ਦਾ ਬੋਲ ਹੈ
ਗੀਤਾ ਰਮਾਇਣ ਗ੍ਰੰਥ ਕੁਰਾਨ ਦੀ
ਜੀਭ ਹੈ
ਪਰ ਚੁੱਪ ਹੈ ਕਿਉਂ ਬੋਲਦੀ ਨਹੀਂ
ਉਹ ਸਖ਼ਸ਼ ਅਜੀਬ ਹੈ

–0–

ਉਹ ਚੁੱਪ ਹੀ ਸੁਣਦਾ
ਚੁੱਪ ਹੀ ਬੋਲਦਾ
ਚੁੱਪ ਹੀ ਵੇਖਦਾ ਚੁੱਪ ਹੀ ਜਿਉਂਦਾ ਹੈ
ਉਹ ਜ਼ਦ ਵੀ ਕਹਿੰਦਾ ਹੈ
ਚੁੱਪ ਹੀ ਕਹਿੰਦਾ ਹੈ

–0–

ਪਲਾਸਟਕ ਦਾ ਫੁੱਲ ਹੈ
ਤਿੱਤਲੀ ਹੈ
ਤਿੱਤਲੀ ਦੇ ਪਰ੍ਹਾਂ ਦੀ ਆਹਟ ਹੈ
ਭਵਰੇ ਦਾ ਗੀਤ ਹੈ ਲੱਕੜ ਦੀ
ਕੋਇਲ ਹੈ
ਪਲਾਸਟਕ ਦਾ ਬਾਗ਼ ਹੈ
ਮੋਰ ਦਾ ਨਾਚ ਹੈ ਪੰਛੀਆਂ ਦਾ ਗੀਤ ਹੈ
ਬਿੱਜਲੀ ਦੀ ਬੰਸਰੀ ਚੋਂ ਸੁਣਦਾ ਹੈ
ਸਟੂਡਿਊ 'ਚ ਨਕਲੀ ਪੌਣ ਵਗਦੀ ਹੈ
ਨਕਲੀ ਬੱਦਲ ਗਰਜਦੇ ਹਨ
ਪੌਣਾਂ ਤੇ ਬੱਦਲਾਂ ਦੀ ਆਵਾਜ਼
ਸਿਤਾਰ ਚੋਂ ਨਿਕਲਦੀ ਹੈ

–0–

ਪ੍ਰਕਿਰਤੀ ਦਾ ਨਾਚ ਹੈ
ਰੁੱਖਾਂ ਤੇ ਪੱਤਿਆਂ ਦੇ ਗੀਤ ਹਨ
ਕਠਪੁਤਲੀਆਂ ਦੀ ਅਦਾਕਾਰੀ ਹੈ
ਤਿੱਤਲੀ ਫੁੱਲ ਕੋਇਲ ਭਵਰਾ ਪੌਣ
ਬੱਦਲ ਰੁੱਖ ਪੱਤੇ
ਅੱਖ ਵੇਖਦੀ ਹੈ
ਆਵਾਜ਼ ਕੰਨ ਸੁਣਦੇ ਹਨ ਸਭ ਨਕਲੀ ਹੈ
ਕੰਨਾਂ 'ਚ ਸ਼ੋਰ ਪਸਰਿਆ ਹੈ
ਦ੍ਰਿਸ਼ਟੀ 'ਚ ਬਨਾਵਟ ਪਸਰੀ ਹੈ
ਰਾਗ ਰੰਗ ਨ੍ਰਿਤ ਕੁਦਰਤ ਦਾ ਨਾਦ
ਅੰਬਰ ਦੀ ਗੂੰਜ ਸਭ ਨਕਲੀ ਹਨ
ਅਸਲੀ ਨਹੀਂ ਸਭ ਸ਼ੋਰ ਹੈ ਸੱਚ ਨਹੀਂ

-0-

ਨਕਲੀ ਸਾਗਰ ਦੀਆਂ
ਨਕਲੀ ਛੱਲਾਂ ਹਨ
ਨਕਲੀ ਚਸ਼ਮਿਆਂ ਝਰਨਿਆਂ ਦੀ
ਸੁਰ ਹੈ ਅਲਾਪ ਹੈ
ਜੋ ਸੰਗੀਤਕਾਰ ਦੀਆਂ ਉਂਗਲਾਂ
ਸਾਜ਼ ਦੀਆਂ ਤਾਰਾਂ 'ਚ ਅਬਾਦ ਹੈ
ਮੌਸਮ ਬਹਾਰਾਂ ਰੁੱਤਾਂ ਸਭ
ਪਲਾਸਟਕ ਦਾ ਪਹਿਰਣ ਹਨ
ਜੋ ਦ੍ਰਿਸ਼ਟੀ ਦੇ ਰੰਗ ਰੰਗਮੰਚ ਤੇ ਆ ਰਹੀਆਂ ਹਨ
ਕੰਨਾਂ 'ਚ ਸ਼ੋਰ ਬਣ ਗੂੰਜ ਰਹੀਆਂ ਹਨ
ਅਕਾਸ਼ ਨਕਲੀ ਹੈ
ਅਕਾਸ਼ 'ਚ ਉੱਡਦੇ ਪੰਛੀ ਨਕਲੀ ਹਨ
ਅਕਾਸ਼ ਦੀ ਉੱਚਾਈ
ਕੈਮਰੇ ਦੀ ਅੱਖ 'ਚ ਸੀਮਤ ਹੈ

-0-

ਜੰਗਲ 'ਚ ਪਲਾਸਟਕ ਦਾ ਚਕੋਰ ਹੈ
ਨੱਚ ਰਿਹਾ ਹੈ
ਨਾਚ ਦੀ ਅਵਾਜ਼ ਡਰੰਮ ਦੀ ਧੁੰਨ ਚੋਂ
ਨਿਕਲਦੀ ਹੈ
ਇਹ ਦ੍ਰਿਸ਼ਟੀ ਤੇ ਕੰਨਾਂ 'ਚ ਘੁਲਿਆ
ਬਣਾਵਟੀਪਣ ਹੈ
ਇਹ ਬਣਾਵਟੀਪਣ ਇਹ ਸ਼ੋਰ
ਮਨੁੱਖ ਨੇ ਉੱਗਾਇਆ ਹੈ
ਕੁਦਰਤ ਦਾ ਸੱਚ
ਜ਼ਿੰਦਗੀ ਚੋਂ ਮਿਟਾਇਆ ਹੈ
ਨਕਲੀ ਪ੍ਰਕਿਰਤੀ
ਮਨੁੱਖ ਦੀਆਂ ਨਜ਼ਰਾਂ 'ਚ ਵਿਛਾਈ ਹੈ
ਕੰਨਾਂ 'ਚ ਸ਼ੋਰ ਦੀ ਦੁਨੀਆਂ ਉਤਾਰੀ ਹੈ
ਇਹ ਸਭ ਕੁਝ
ਉਸਦੀ ਚੁੱਪ ਦੇ ਕਾਰਨ 'ਚ ਸਮਾਇਆ ਹੈ
ਚੁੱਪ ਉਸ 'ਚ ਉਤਰ ਗਈ ਹੈ
ਜਾਂ ਉਹ ਚੁੱਪ 'ਚ ਉਤਰ ਆਇਆ ਹੈ
ਇਹ ਬੰਦਾ
ਜੋ ਪੈਂਤੀ ਅੱਖਰੀ ਦੀ ਜੀਭ ਹੈ
ਬੋਲਦਾ ਕਿਉਂ ਨਹੀਂ ਬੜਾ ਅਜ਼ੀਬ ਹੈ

-0-

ਹਵਾ ਦਾ ਸ਼ੋਰ ਹੈ
ਚਿੱਟੇ ਕਾਲੇ ਦਾ ਸ਼ੋਰ ਹੈ
ਮੰਦਰਾਂ ਮਸੀਤਾਂ ਗਿਰਜਾਘਰਾਂ ਦਾ ਸ਼ੋਰ ਹੈ
ਭੀੜਾਂ ਦਾ ਸ਼ੋਰ ਹੈ
ਪਿੰਡਾਂ ਦਾ ਸ਼ਹਿਰਾਂ ਦਾ ਦੁਨੀਆਂ ਦਾ ਸ਼ੋਰ ਹੈ
ਧਰਤੀਆਂ ਅੰਬਰਾਂ ਦਾ ਸ਼ੋਰ ਹੈ

ਮਨੁੱਖਤਾ ਦਾ ਚੀਕ ਚਿਹਾੜਾ ਹੈ
ਅਲਾਪਾਂ ਸੁਰਾਂ ਦਾ ਸ਼ੋਰ ਹੈ
ਸ਼ੋਰ ਹੀ ਸ਼ੋਰ ਹੈ ਬਨਾਵਟ ਦਾ ਦੁਆਲਾ ਹੈ
ਸ਼ੋਰ ਨੂੰ ਸ਼ੋਰ ਦਾ ਸਹਾਰਾ ਹੈ
ਜਨਮ ਦਾ ਬਚਪਨ ਦਾ ਜੁਆਨੀ ਦਾ
ਬੁੱਢਾਪੇ ਦਾ ਸ਼ੋਰ ਹੈ
ਗੈਰ ਦਾ
ਆਪਣੇ ਆਪ ਦਾ ਸ਼ੋਰ ਹੈ

-0-

ਸ਼ੋਰ ਹੀ ਆਦਮੀ ਨੇ ਜੀਵਿਆ
ਤੇ ਹੰਢਾਇਆ ਹੈ
ਸਰਹੱਦਾਂ ਦਾ ਸ਼ੋਰ ਹੈ ਮੁਲਕਾਂ ਦਾ ਸ਼ੋਰ ਹੈ
ਜਾਤਾਂ ਪਾਤਾਂ ਨਸਲਾਂ ਦਾ ਸ਼ੋਰ ਹੈ
ਇਸ ਸ਼ੋਰ 'ਚ ਦਿਸ਼ਾ ਵਿਹੂਣਾ ਹੋ ਗਿਆ ਹੈ
ਆਦਮੀ
ਸ਼ੋਰ ਦੇ ਨਾਲ ਭਰ ਗਿਆ ਹੈ
ਆਪ ਊਣਾ ਹੋ ਗਿਆ ਹੈ ਆਦਮੀ
ਅੰਬਰ ਦਾ ਤਾਰਾ ਤਾਰਾ
ਧਰਤੀ ਦਾ ਜ਼ੱਰਾ ਜ਼ੱਰਾ ਸ਼ੋਰ ਹੈ
ਸਾਗਰ ਬੂੰਦਾਂ ਦੇ ਸ਼ੋਰ ਨਾਲ ਭਰਿਆ ਹੈ
ਜੰਗਲ ਹਨ੍ਹੇਰੀਆਂ ਝੱਖੜਾਂ ਤੁਫਾਨਾਂ ਦੇ
ਸ਼ੋਰ 'ਚ ਉਬਲਿਆ ਹੈ
ਕਿਨਾਰੇ ਛੱਲਾਂ ਦੇ ਸ਼ੋਰ ਦੇ ਮਾਰੇ ਹਨ
ਮੰਜ਼ਲਾਂ ਦ੍ਰਿਸ਼ਟੀ ਦੇ ਸ਼ੋਰ 'ਚ ਗੁਆਚੀਆਂ ਹਨ
ਅਕਾਸ਼ ਗ੍ਰਹਿਾਂ ਉਪਗ੍ਰਹਿਾਂ ਦੇ ਸ਼ੋਰ 'ਚ
ਭੁਜਿਆ ਹੈ
ਧਰਤੀ ਦਾ ਪਿੰਡਾ ਸਰਿਸ਼ਟੀਆਂ ਦੇ ਸ਼ੋਰ 'ਚ
ਗੁੱਝਿਆ ਹੈ

-0-

ਉਹ ਆਦਮੀ ਚੁੱਪ ਹੈ
ਬੋਲ ਕੇ ਸ਼ੋਰ 'ਚ ਹੋਰ ਵਾਧਾ ਕਰਨਾ ਨਹੀਂ
ਚਾਹੁੰਦਾ
ਬੇਮਾਇਨਾ ਬੇਦਿਸ਼ਾਵੀ ਸ਼ੋਰ
ਮਨੁੱਖਤਾ ਦੇ ਪਿੰਡੇ 'ਚ ਧਰਨਾ ਨਹੀਂ ਚਾਹੁੰਦਾ
ਉਹ ਚੁੱਪ ਹੈ
ਸ਼ੋਰ ਚੋਂ ਸੁਰ ਦੀ ਉਡੀਕ 'ਚ ਹੈ
ਹੱਲਚੱਲ ਚੋਂ ਸਥਿਰਤਾ ਦੀ ਭਾਲ 'ਚ ਹੈ
ਸਾਗਰ 'ਚ ਸ਼ਾਂਤੀ ਦੀ ਉਮੀਦ 'ਚ ਹੈ
ਮਨੁੱਖ ਤੇ ਮਨੁੱਖਤਾ ਦੇ ਸੱਚ ਦੀ
ਉਡੀਕ 'ਚ ਹੈ
ਪੌਣਾਂ 'ਚ ਹਨ੍ਹੇਰੀਆਂ ਝੱਖੜਾਂ ਤੁਫ਼ਾਨਾਂ
ਦਾ ਕਾਇਲ ਨਹੀਂ
ਪੌਣ 'ਚ ਪੌਣ ਦੇ ਸੰਤੁਲਨ ਵੇਗ ਦੀ ਤਮੰਨਾ 'ਚ ਹੈ
ਦਰਿਆਵਾਂ ਨਦੀਆ 'ਚ ਹੜ੍ਹਾਂ ਦੀ ਨਹੀਂ
ਕੁਦਰਤੀ ਵੇਗ ਦੀ ਚਿੰਤਾ 'ਚ ਹੈ

-0-

ਉਸਦੀ ਚੁੱਪ 'ਚ
ਸੱਚ ਸੁੰਦਰਤਾ ਤੇ ਕਲਿਆਣ ਹੈ
ਉਸਦੀ ਚੁੱਪ ਸੱਚ ਦੀ ਜ਼ੁਬਾਨ ਹੈ
ਸੱਚ ਦੀ ਸਿਰਜਣਾ ਸੱਚ ਦਾ ਵਿਸਥਾਰ ਹੈ
ਉਸ ਦੀ ਚੁੱਪ 'ਚ ਸ਼ੋਰ ਦਾ ਦਰਿਆ ਨਹੀਂ
ਸੁਰ ਤੇ ਰਸਨਾ ਦੀ ਨਦੀ ਵਗਦੀ ਹੈ
ਉਸ ਦੀ ਚੁੱਪ ਸ਼ੋਰ ਦੀ ਕੁੱਖ ਨਹੀਂ
ਸਹਿਨਸ਼ੀਲਤਾ ਦਇਆ ਦਾ ਸਬਰ-ਸੰਤੋਖ
ਦੀ ਸਿਰਜਣਾ ਹੈ

ਦੁਨੀਆਂ ਦਾ ਸਾਰਾ ਸ਼ੋਰ
ਉਹ ਆਪਣੀ ਚੁੱਪ 'ਚ ਸਮਾਈ ਬੈਠਾ ਹੈ
ਸੁਰ ਹੁਲਾਸ ਤੇ ਰਸਨਾ ਦੇ ਦੀਵੇ
ਜਗਾਈ ਬੈਠਾ ਹੈ
ਸ਼ੋਰ ਚੋਂ ਜੋ ਉਪਰਾਮਤਾ ਅਸ਼ਾਂਤੀ ਜਨਮੀ ਹੈ
ਉਹ ਆਪਣੀ ਚੁੱਪ 'ਚ ਦਬਾਈ ਬੈਠਾ ਹੈ

-0-

ਉਹ ਬ੍ਰਹਿਮੰਡਾਂ ਚੋਂ
ਦਿਸ਼ਾਹੀਣਤਾ ਤੇ ਬੇਲੋੜਾਪਣ
ਮਿਟਾਉਣਾ ਚਾਹੁੰਦਾ ਹੈ
ਸ਼ੋਰ 'ਚੋਂ ਸੁਰ ਜਗਾਉਣਾ ਚਾਹੁੰਦਾ ਹੈ
ਪਰ ਚੁੱਪ ਹੈ
ਬੋਲ ਕੇ ਸ਼ੋਰ 'ਚ ਹੋਰ ਸ਼ੋਰ ਘੋਲਣਾ ਨਹੀਂ ਚਾਹੁੰਦਾ
ਸ਼ੋਰ ਕਰਕੇ ਚੁੱਪ ਹੈ
ਸ਼ੋਰ ਦੀ ਦੁਨੀਆਂ 'ਚ ਚੁੱਪ ਦਾ ਮੂੰਹ
ਖੋਲ੍ਹਣਾ ਨਹੀਂ ਚਾਹੁੰਦਾ

-0-

ਉਹ ਵੇਦਾਂ ਸ਼ਾਸਤਰਾਂ ਦਾ ਧਨੀ ਹੈ
ਗਿਆਤਾ ਹੈ
ਉਪਨਿਸ਼ਦਾਂ ਦਾ ਬੋਲ ਹੈ
ਗੀਤਾ ਰਮਾਇਣ ਗ੍ਰੰਥ ਕੁਰਾਨ ਦੀ
ਜੀਭ ਹੈ
ਪਰ ਚੁੱਪ ਹੈ ਬੋਲਦਾ ਕਿਉਂ ਨਹੀਂ
ਉਹ ਸ਼ਖਸ ਬੜਾ ਅਜ਼ੀਬ ਹੈ ।

------

## ਪਰੀ ਤੇ ਚੋਰ

ਰਾਤ ਗਈ ਬਾਤ ਗਈ
ਦਿਨ ਚੜ੍ਹਿਆ ਨਵੇਂ ਸਿਲਸਿਲੇ ਸ਼ੁਰੂ ਹੋਏ
ਦਰਵਾਜ਼ੇ ਤੇ ਕੋਈ ਹੈ
ਇਕ ਪਰੀ ਰਾਤ ਦੀ ਉਮੀਦ 'ਚ
ਦਿਨ ਗੁਜ਼ਾਰ ਆਈ ਹੈ
ਦੁਆਰ ਆਈ ਹੈ

-0-

ਐ
ਅੰਬਰ ਦੀ ਦਾਮਨੀ
ਐ ਹੁਸਨਾਂ ਦੀ ਸ਼ਹਿਜ਼ਾਦੀ ਅਪਸਰਾ
ਤੈਨੂੰ ਕੀ ਚਾਹੀਦਾ ਹੈ
ਮੈਂ ਹਾਜ਼ਰ ਹਾਂ ਮੈਂ ਆਖਿਆ
ਅਪਸਰਾ ਬੋਲੀ
ਮੈਨੂੰ ਇਕ ਰਾਤ ਲਈ
ਤੂੰ ਉਦਾਰਾ ਚਾਹੀਦਾ ਹੈਂ
ਮੇਰੀ ਰਾਤ ਦਾ ਸਹਾਰਾ ਚਾਹੀਦਾ ਹੈ

-0-

ਮੇਰੀ ਉਂਗਲੀ ਫੜ
ਮੈਨੂੰ ਆਪਣੇ ਹਰਮ 'ਚ ਲੈ ਗਈ
ਹਰਮ ਰੰਗਾਂ ਖ਼ੁਸ਼ਬੂਆਂ
ਮਖ਼ਮਲੀ ਪੱਛਮੀਨਿਆਂ ਨਾਲ
ਸੱਜਿਆ ਸੀ
ਹਰਮ ਦੀ ਛੱਤ ਤੇ ਸੂਰਜਾਂ ਚੰਨਾਂ ਤਾਰਿਆਂ
ਦਾ ਝੁਰਮਟ ਸੀ

ਖੁਸ਼ਬੂਆ ਲੱਦੀ ਹਵਾ ਸੀ
ਰੌਸ਼ਨੀ ਪਰਦਿਆਂ ਨਾਲ ਲਹਿਰਾਉਂਦੀ ਸੀ
ਹਰਮ ਦੇ ਮਾਹੌਲ ਚੋਂ ਹੁਲਾਸ ਤੇ
ਤਾਅ ਦੀ ਕਾਮਕ ਸੁਗੰਧ ਆਉਂਦੀ ਸੀ

-0-

ਅਪਸਰਾ ਗੁਣਗੁਣਾਂਦੀ ਹੋਈ ਆਖਦੀ
ਆਪਣੇ ਜਿਸਮ ਤੋਂ
ਆਪਣਾ ਪਹਿਰਣ ਉਤਾਰ ਦੇ
ਮੇਰਾ ਸੱਚ ਵੇਖ ਲੈ
ਆਪਣਾ ਸੱਚ ਵਿਖਾਲ ਦੇ
ਆਪਣਾ ਸੱਚ ਵਿਖਾਲਦੀ ਬੋਲੀ
ਬਾਹਾਂ ਖਿਲਾਰ ਕੇ
ਲੁੱਟ ਲੈ
ਲੁੱਟਣ ਦੀ ਬੇਲਾ ਹੈ ਇਕ ਰਾਤ ਦਾ ਮੇਲਾ ਹੈ

-0-

ਮੈਂ
ਸੋਚਿਆ ਹੁਣ ਇਸ ਕੋਲ ਮੇਰੇ
ਲੁੱਟਣ ਲਈ ਕੀ ਹੈ
ਮੈ ਆਲਾ ਦੁਆਲਾ ਵੇਖਿਆ
ਹਰਮ ਦੇ ਬਰਾਂਡੇ 'ਚ ਇਕ ਪਰਨਾ
ਕਿੱਲੀ ਤੇ ਲਟਕਦਾ
ਤੇ ਇਕ ਸਾਈਕਲ ਪਿਆ ਸੀ
ਮੈਂ ਪਰਨਾ ਲੱਕ ਦੁਆਲੇ ਲਪੇਟਿਆ
ਸਾਈਕਲ ਚੁੱਕਿਆ ਤੇ ਨੱਸ ਟੁਰਿਆ

-0-

ਰਸਤੇ 'ਚ
ਇਕ ਬੁੱਢਾ ਪੁਰਾਣਾ ਬੋਹੜ
ਪੁੱਛਦਾ ਹੈ

ਸਾਈਕਲ ਦੇ ਨਾਲ ਨਾਲ ਦੌੜੀ ਜਾ ਰਿਹਾ ਹੈਂ
ਇਸ ਤੇ ਚੜ੍ਹ ਕਿਉਂ ਨਹੀਂ ਜਾਂਦਾ
ਮੈਂ ਆਖਿਆ
ਇਨਾਂ ਵਕਤ ਕਿੱਥੇ ਹੈ
ਸਾਈਕਲ ਤੇ ਚੜ੍ਹਣ ਦਾ
ਸਾਈਕਲ ਤੇ ਬਹਿੰਦੇ ਬਹਿੰਦੇ
ਜੇ ਉਹ ਮੇਰੇ ਪਿੱਛੇ ਆ ਗਈ
ਤਾਂ ਮੇਰੇ ਜ਼ਿਸਮ ਤੇ
ਇਸ ਪਰਨੇ ਨੂੰ ਉਤਾਰਨ ਬਿਨ
ਕੁਝ ਨਹੀਂ

–0–

ਬੁੱਢਾ ਬੋਹੜ ਬੋਲਿਆ
ਤੂੰ ਉਸ ਹਰਮ ਵਾਲੀ ਪਰੀ ਦੀ ਗੱਲ ਕਰਦਾ ਹੈਂ
ਮੈਂ ਉਸਦਾ ਸੱਚ ਵੇਖਦਾ ਵੇਖਦਾ
ਬੁੱਢਾ ਹੋ ਗਿਆ ਹਾਂ
ਉਹ ਮੇਰਾ ਸੱਚ ਵੇਖਦੀ ਵੇਖਦੀ
ਹੁਣ ਤੱਕ ਜਵਾਨ ਹੈ
ਜਦ ਮੇਰੇ ਪਿੰਡੇ ਤੇ ਉਤਾਰਨ ਲਈ
ਕੁੱਝ ਨਹੀਂ ਸੀ ਰਹਿੰਦਾ
ਮੈਂ ਉਸ ਅਪਸਰਾ ਦਾ ਪਿੰਡਾ
ਆਪਣੇ ਪਿੰਡੇ ਤੇ ਪਹਿਨ ਲੈਂਦਾ ਸਾਂ
ਉਹ ਉਤਾਰਦੀ ਮੈਂ ਪਹਿਨਦਾ
ਮੈਂ ਪਹਿਨਦਾ ਉਹ ਫਿਰ ਉਤਾਰਦੀ
ਇਸ ਖੇਡ 'ਚ ਉਹ ਹਾਰ ਗਈ
ਤੇ ਮੈਨੂੰ ਵਿਸਾਰ ਗਈ

–0–

ਐ ਬੁੱਢੇ ਬੋਹੜ
ਮੈਂ ਤੇਰਾ ਧੰਨਵਾਦੀ ਹਾਂ

ਤੂੰ ਮੈਨੂੰ ਮੁਕਤੀ ਦਾ ਰਾਹ ਵਿਖਾਇਆ ਹੈ
ਚੋਰੀ ਦਾ ਇਕ ਨਵਾਂ ਢੰਗ ਸਿੱਖਾਇਆ ਹੈ
ਤੇਰਾ ਸੱਚ ਮੈਨੂੰ ਸਮਝ ਆਇਆ ਹੈ
ਮੇਰਾ ਕੱਜਣ ਹੀ
ਅਪਸਰਾ ਦੇ ਜਿਸਮ ਦਾ ਸਰਮਾਇਆ ਹੈ
ਮੈਂ ਜਾਣ ਲੱਗਿਆਂ
ਤਾਂ ਬੁੱਢਾ ਬੋਹੜ ਬੋਲਿਆ
ਸਾਈਕਲ ਚਲਾਣਾ ਸਿੱਖ
ਜੇ ਸਿੱਖ ਜਾਵੇਂਗਾ
ਜੀਵਨ 'ਚ ਸਮ੍ਹਾਂ ਬਚਾਵੇਂਗਾ ।

---ੂ---

## ਮਨੁੱਖ ਤੇ ਸੂਰਜ

ਜਦ ਮਨੁੱਖ ਹਨ੍ਹੇਰੇ ਤੋਂ ਸੂਰਜਾਂ 'ਚ
ਉਤਰਦਾ ਹੈ
ਰੁੱਖਾਂ ਦਿਆਂ ਪੱਤਿਆਂ ਤੇ ਬਾਲ
ਬਾਲ ਦੀਵੇ ਧਰਦਾ ਹੈ
ਕਿ ਰੁੱਖ ਦੇ ਪੈਰਾਂ ਦਾ ਹਨ੍ਹੇਰਾ ਨਸ਼ਟ ਹੋ ਜਾਏ
ਰੁੱਖ ਲਈ ਟੁਰਨ ਦਾ ਰਾਹ ਸਪੱਸ਼ਟ ਹੋ ਜਾਏ

-0-

ਮਨੁੱਖ ਦੇ ਸਿਰ ਤੇ ਅੱਖਾਂ ਉੱਗ ਆਉਂਦੀਆਂ ਹਨ
ਤੇ ਮਨੁੱਖ ਨੂੰ ਅਸਮਾਨ
ਹਨ੍ਹੇਰਾ ਨਹੀਂ ਦਿਸਦਾ
ਮਨੁੱਖ ਦੇ ਪੈਰਾਂ ਦੇ ਰਾਹ ਰੁਸ਼ਨਾ ਜਾਂਦੇ ਹਨ
ਹਨ੍ਹੇਰਿਆਂ 'ਚ ਵੀ
ਮੰਜ਼ਲਾਂ ਨਜ਼ਰ ਆਉਂਦੀਆਂ ਹਨ
ਜਦ ਸੂਰਜ ਦੀਆਂ ਕਿਰਨਾਂ
ਧਰਤੀ ਤੇ ਪੈਰ ਪਾਉਂਦੀਆਂ ਹਨ

-0-

ਪਿੱਠ ਤੇ ਉੱਗਿਆ
ਕਾਲਿਆਂ ਰੁੱਖਾਂ ਦਾ ਜੰਗਲ
ਕਾਲੀਆਂ ਪਹਾੜੀਆਂ
ਕਾਲੇ ਪਾਣੀਆਂ ਦੇ ਸਾਗਰ
ਕਾਲੀਆਂ ਪੌਣਾਂ ਕਾਲੇ ਸਵੇਰੇ

ਕਾਲੀਆਂ ਸ਼ਾਮਾਂ
ਆਪਣੇ ਆਪ 'ਚ ਸੂਰਜ ਧਰਦੀਆਂ ਹਨ
ਆਪਣੇ ਪਿੰਡੇ ਚੋਂ
ਕਿਰਨਾਂ ਬਣ ਉੱਗਦੀਆਂ ਹਨ
ਅਣਜਾਣ ਰਾਹ ਅਜ਼ਨਬੀ ਚਿਹਰੇ
ਓਪਰੀ ਦੁਨੀਆਂ
ਪੈਰ ਪੈਰ ਤੇ ਆਪਣਾਂ ਆਪ ਜਗਾਉਂਦੀ ਹੈ
ਬਣਕੇ ਪਹਿਚਾਣ
ਅਜ਼ਨਬੀ ਚਿਹਰਿਆਂ 'ਚ ਉਤਰ ਜਾਂਦੀ ਹੈ

-0-

ਇਕ ਦੁਨੀਆਂ
ਅਪਣੱਤ ਤੇ ਮੁਹੱਬਤ ਦੀ
ਮਨੁੱਖ ਦੀ ਨਜ਼ਰ 'ਚ ਤੈਰਦੀ ਹੈ
ਮੰਜ਼ਲਾਂ ਦੀਆਂ ਅੱਖਾਂ ਰਾਹਾਂ ਤੇ
ਵਿਛਦੀਆਂ ਹਨ
ਰਾਹੀਆਂ ਦੇ ਪੈਰਾਂ ਦੀ ਆਹਟ
ਰਾਹਾਂ ਦੇ ਪਿੰਡੇ ਚੋਂ
ਮੰਜ਼ਲਾਂ ਦੇ ਸੀਨੇ 'ਚ ਉਤਰਦੀ ਹੈ
ਰਾਤ ਦਿਨ ਦੀ ਬਾਤ ਪਾਉਂਦੀ ਹੈ
ਦੀਵੇ ਸੂਰਜਾਂ ਦੇ
ਆਪਣੇ ਪਹਿਲੂ 'ਚ ਜਗਾਉਂਦੀ ਹੈ
ਆਪਣੇ ਜਿਸਮ ਦਾ ਅਰਘਾ
ਸਰਘੀ ਨੂੰ ਚੜ੍ਹਾਉਂਦੀ ਹੈ

ਮੁਸਾਫ਼ਿਰ ਮੰਜ਼ਲ ਤੇ ਅੱਪੜਦਾ ਹੈ
ਮੰਜ਼ਲ ਮੁਸਾਫ਼ਿਰ 'ਚ ਉਤਰ ਜਾਂਦੀ ਹੈ

-0-

ਜਦ ਨਜ਼ਰ 'ਚ ਸੂਰਜ ਹੈ
ਰਾਹਾਂ 'ਚ ਸੂਰਜ ਹੈ
ਮਸਤਕ 'ਚ ਸੂਰਜ ਹੈ
ਪਿੰਡੇ 'ਚ ਸੂਰਜ ਹੈ
ਫਿਰ ਚਾਨਣ ਦਾ ਸਫ਼ਰ
ਚਾਨਣ ਤਕ ਦਾ ਹੈ
ਸ਼ਾਮ ਦਾ ਸਫ਼ਰ ਸੂਰਜ ਚੜ੍ਹਣ ਤਕ ਦਾ ਹੈ
ਬੱਦਲਾਂ ਦਾ ਸਫ਼ਰ ਵਰ੍ਹ ਵਰ੍ਹ ਕੇ
ਧਰਤੀ ਦੀ ਕੁੱਖ ਹਰੀ ਕਰਨ ਦਾ ਹੈ
ਸਾਹਿਰਾ ਦਾ ਸਫ਼ਰ
ਸਾਗਰ ਤਰਨ ਦਾ ਹੈ
ਮਨੁੱਖ ਦਾ ਸਫ਼ਰ ਮਰ ਮਰ ਕੇ
ਜਿਉਣਾ ਦਾ ਹੈ
ਮਨੁੱਖਤਾ ਦੇ ਪਿੰਡੇ 'ਚ ਨਿੱਘ
ਮਸਤਕ 'ਚ ਕਿਰਨਾਂ ਧਰਨ ਦਾ ਹੈ
ਧਰਤੀ ਨੂੰ ਕਲੀ ਕਰਨ ਦਾ
ਅੰਬਰ ਨੂੰ ਸੋਨੇ 'ਚ ਜੜ੍ਹਣ ਦਾ ਹੈ

-0-

ਜਦ ਮਨੁੱਖ ਹਨ੍ਹੇਰੇ ਤੋਂ
ਸੂਰਜਾਂ 'ਚ ਉਤਰਦਾ ਹੈ
ਮਨੁੱਖਤਾ ਦਾ ਰਾਹਨੁਮਾ ਹੋ ਗੁਜ਼ਰਦਾ ਹੈ
ਮਨੁੱਖਤਾ ਦੇ ਚਿਹਰੇ 'ਚ
ਪਹਿਚਾਣ ਧਰਦਾ ਹੈ
ਮਨੁੱਖਤਾ ਨੂੰ ਲਹੂ ਦੀ ਸਾਂਝ ਦੱਸਦਾ ਹੈ
ਮਨੁੱਖਤਾ ਦੀ
ਭੁੱਖ ਤੇ ਪਿਆਸ ਮਿਟਾਉਂਦਾ ਹੈ
ਮਨੁੱਖਤਾ ਲਈ ਅੰਬਰ ਦੀ ਚਾਦਰ
ਧਰਤੀ ਦਾ ਬਿਸਤਰ ਕਹਾਉਂਦਾ ਹੈ
ਹਰ ਘਰ ਹਰ ਵਿਹੜੇ 'ਚ
ਸੂਰਜ ਉਤਾਰਦਾ ਹੈ
ਮਨੁੱਖਤਾ ਅਨੁਕੂਲ ਦੁਨੀਆਂ
ਉਸਾਰਦਾ ਹੈ
ਮਨੁੱਖਤਾ ਦਾ ਦੁੱਖ ਦਰਦ ਹੰਝੂ ਆਪਣੇ
ਪਿੰਡੇ ਤੇ ਸਹਾਰਦਾ ਹੈ
ਮਨੁੱਖਤਾ ਦਾ ਰੱਬ
ਮਨੁੱਖਤਾ ਦੇ ਵਿਹੜੇ 'ਚ ਉਤਾਰਦਾ ਹੈ

-0-

ਇਕ ਜੋਤ ਦਾ ਚਾਨਣ
ਜ਼ੱਰੇ ਜ਼ੱਰੇ 'ਚ ਖਿਲਾਰਦਾ ਹੈ
ਮਨੁੱਖਤਾ ਰੱਬ ਦਾ ਚਿਹਰਾ ਲਗਦੀ ਹੈ
ਰੱਬ ਦੇ ਚਿਹਰੇ 'ਚ ਮਨੁੱਖਤਾ
ਉਤਾਰਦਾ ਹੈ
ਜਦ ਮਨੁੱਖ ਹਨ੍ਹੇਰੇ ਤੋਂ ਸੂਰਜਾਂ 'ਚ
ਉਤਰਦਾ ਹੈ
ਬਣਕੇ ਕਾਫ਼ਲਾ ਸੂਰਜਾਂ ਦਾ
ਵਿਸ਼ਵ ਦੇ ਪਿੰਡੇ 'ਚ ਜਗਦਾ ਹੈ
ਗਲੀਆਂ ਸੜਕਾਂ ਤੇ ਟੁਰਦਾ ਹੈ
ਚੌਕਾਂ 'ਚ ਠਹਿਰਦਾ ਹੈ
ਘਰਾਂ ਦੇ ਵਿਹੜਿਆਂ ਤੇ ਛੱਤਾਂ ਤੇ
ਰੌਸ਼ਨੀ ਦੇ ਮੁਜ਼ੱਸਮੇ ਧਰਦਾ ਹੈ ।

------



ਇਕ ਦੁਨੀਆਂ
ਅਪਣੱਤ ਤੇ ਮੁਹੱਬਤ ਦੀ
ਮਨੁੱਖ ਦੀ ਨਜ਼ਰ 'ਚ ਤੈਰਦੀ ਹੈ
ਮੰਜ਼ਲਾਂ ਦੀਆਂ ਅੱਖਾਂ ਰਾਹਾਂ ਤੇ
ਵਿਛਦੀਆਂ ਹਨ
ਰਾਹੀਆਂ ਦੇ ਪੈਰਾਂ ਦੀ ਆਹਟ
ਰਾਹਾਂ ਦੇ ਪਿੰਡੇ ਚੋਂ
ਮੰਜ਼ਲਾਂ ਦੇ ਸੀਨੇ 'ਚ ਉਤਰਦੀ ਹੈ
ਰਾਤ ਦਿਨ ਦੀ ਬਾਤ ਪਾਉਂਦੀ ਹੈ
ਦੀਵੇ ਸੂਰਜਾਂ ਦੇ
ਆਪਣੇ ਪਹਿਲੂ 'ਚ ਜਗਾਉਂਦੀ ਹੈ
ਆਪਣੇ ਜਿਸਮ ਦਾ ਅਰਘਾ
ਸਰਘੀ ਨੂੰ ਚੜ੍ਹਾਉਂਦੀ ਹੈ
ਮੁਸਾਫ਼ਿਰ ਮੰਜ਼ਲ ਤੇ ਅੱਪੜਦਾ ਹੈ
ਮੰਜ਼ਲ ਮੁਸਾਫ਼ਿਰ 'ਚ ਉਤਰ ਜਾਂਦੀ ਹੈ

ਚਰਨ ਸਿੰਘ